ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਬੁੱਧਵਾਰ, 30 ਅਕਤੂਬਰ 2024 (ਨਾਨਕਸ਼ਾਹੀ ਸੰਮਤ : ੫੫੬, ੧੪ ਕੱਤਕ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243

# ਦੀਵਾਲੀ ਤੋਂ ਪਹਿਲਾਂ ਹੋਇਆ ਭਿਆਨਕ ਬੱਸ ਹਾਦਸਾ

# 11 ਲੋਕਾਂ ਦੀ ਮੌਤ, 30 ਤੋਂ ਵੱਧ ਹੋਏ ਜ਼ਖ਼ਮੀ

**ਜੈਪੁਰ, 29 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਰਾਜਸਥਾਨ ਦੇ ਸੀਕਰ ਜ਼ਿਲ੍ਹੇ ਦੇ ਲਕਸ਼ਮਣਗੜ੍ਹ ਵਿੱਚ ਇੱਕ ਨਿੱਜੀ ਬੱਸ ਇੱਕ ਪੁਲੀ ਨਾਲ ਟਕਰਾ ਗਈ। ਇਸ ਹਾਦਸੇ 'ਚ 11 ਲੋਕਾਂ ਦੀ ਮੌਤ ਹੋ ਗਈ। 30 ਤੋਂ ਵੱਧ ਲੋਕ ਜ਼ਖਮੀ ਹੋ ਗਏ। ਜ਼ਖ਼ਮੀਆਂ ਨੂੰ ਇਲਾਜ ਲਈ ਲਕਸ਼ਮਣਗੜ੍ਹ ਤੇ ਸੀਕਰ ਦੇ ਹਸਪਤਾਲਾਂ ਵਿੱਚ ਲਿਜਾਇਆ ਗਿਆ। ਇਹ ਹਾਦਸਾ ਮੰਗਲਵਾਰ ਦੁਪਹਿਰ ਕਰੀਬ 2 ਵਜੇ ਲਕਸ਼ਮਣਗੜ੍ਹ ਦੇ ਪੁਲ ਨੇੜੇ ਵਾਪਰਿਆ। ਬੱਸ ਸਾਲਾਸਰ ਤੋਂ ਨਵਾਂਗੜ੍ਹ ਜਾ ਰਹੀ ਸੀ। ਇਹ ਹਾਦਸਾ ਸਾਲਾਸਰ ਤੋਂ 68 ਕਿਲੋਮੀਟਰ ਦੂਰ ਵਾਪਰਿਆ। ਬੱਸ ਨੇ ਲਕਸ਼ਮਣਗੜ੍ਹ ਪੁਲੀਆ ਤੋਂ ਜੈਪੁਰ-ਬੀਕਾਨੇਰ ਰੋਡ ਵੱਲ ਖੱਬੇ ਪਾਸੇ ਜਾਣਾ ਸੀ। ਤੇਜ਼ ਰਫ਼ਤਾਰ ਹੋਣ ਕਾਰਨ ਬੱਸ ਪੂਰੀ ਤਰ੍ਹਾਂ ਨਹੀਂ ਮੋੜ ਸਕੀ ਤੇ ਸਿੱਧੀ ਪੁਲੀ ਨਾਲ ਟਕਰਾ ਗਈ। ਬੱਸ ਦਾ ਅਗਲਾ 3 ਤੋਂ 4 ਫੁੱਟ ਹਿੱਸਾ ਬੁਰੀ ਤਰ੍ਹਾਂ ਨੁਕਸਾਨਿਆ ਗਿਆ। ਚਸ਼ਮਦੀਦਾਂ ਮੁਤਾਬਕ ਬੱਸ ਪੁਲੀ ਦੀ ਕੰਧ ਨਾਲ ਜਾ ਟਕਰਾਈ ਅਤੇ ਡਰਾਈਵਰ ਦਾ ਪੂਰਾ ਹਿੱਸਾ ਚਕਨਾਚੂਰ ਹੋ ਗਿਆ। ਟੱਕਰ ਤੋਂ ਬਾਅਦ ਬੱਸ 'ਚ ਹਫੜਾ-ਦਫੜੀ ਮੱਚ ਗਈ। ਇਸ ਤੋਂ ਬਾਅਦ ਲੋਕਾਂ ਦੀ ਭੀੜ ਇਕੱਠੀ ਹੋ ਗਈ ਅਤੇ ਇੱਕ-ਇੱਕ ਕਰਕੇ ਸਾਰਿਆਂ ਨੂੰ ਨਜ਼ਦੀਕੀ ਲਕਸ਼ਮਣਗੜ੍ਹ ਦੇ ਸਰਕਾਰੀ ਹਸਪਤਾਲ ਲਿਜਾਇਆ ਗਿਆ। ਸੀਕਰ ਦੇ ਲਕਸ਼ਮਣਗੜ੍ਹ ਇਲਾਕੇ ਵਿੱਚ ਵਾਪਰੇ ਬੱਸ ਹਾਦਸੇ ਵਿੱਚ ਜਾਨੀ ਨੁਕਸਾਨ ਬੇਹੱਦ ਦੁਖਦ ਤੇ ਦਿਲ ਕੰਬਾਊ ਹੈ। ਮੇਰੀ ਡੂੰਘੀ ਸੰਵੇਦਨਾ ਮ੍ਰਿਤਕਾਂ ਦੇ ਦੁਖੀ ਪਰਿਵਾਰਾਂ ਨਾਲ ਹੈ। ਸਬੰਧਤ ਅਧਿਕਾਰੀਆਂ ਨੂੰ ਜ਼ਖਮੀਆਂ ਦਾ ਢੁੱਕਵਾਂ ਇਲਾਜ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਮੈਂ ਭਗਵਾਨ ਸ਼੍ਰੀ ਰਾਮ ਅੱਗੇ ਅਰਦਾਸ ਕਰਦਾ ਹਾਂ ਕਿ ਉਹ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਤੇ ਜ਼ਖ਼ਮੀਆਂ ਨੂੰ ਜਲਦੀ ਸਿਹਤਯਾਬ ਕਰਨ।






## ਫਿਰੋਜ਼ਪੁਰ ਤੀਹਰੇ ਕਤਲਕਾਂਡ ਮਾਮਲੇ 'ਚ 2 ਸ਼ੂਟਰ ਕਾਬੂ, ਦੋਸ਼ੀਆਂ ਨੇ ਕੀਤਾ ਸੀ 'ਆਪ' ਆਗੂ ਗੁਰਪ੍ਰੀਤ ਦਾ ਕਤਲ

**ਫਿਰੋਜ਼ਪੁਰ, 29 ਅਕਤੂਬਰ (ਆਵਾਜ਼ਿ ਕੌਮ ਬਿਊਰੋ)**- ਫ਼ਿਰੋਜ਼ਪੁਰ 'ਚ ਸਤੰਬਰ ਮਹੀਨੇ 'ਚ ਵਾਪਰੇ ਤੀਹਰੇ ਕਤਲ ਕਾਂਡ 'ਚ ਪੰਜਾਬ ਪੁਲਿਸ ਨੂੰ ਵੱਡੀ ਕਾਮਯਾਬੀ ਮਿਲੀ ਹੈ। ਯੂਪੀ ਪੁਲਿਸ ਦੀ ਐਸਟੀਐਫ ਨਾਲ ਸਾਂਝੀ ਕਾਰਵਾਈ ਵਿੱਚ ਲਖਨਊ ਤੋਂ ਦੋ ਸ਼ੂਟਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਨੇ ਵਿਦੇਸ਼ ਵਿੱਚ ਬੈਠੇ ਗੈਂਗਸਟਰਾਂ ਦੇ ਇਸ਼ਾਰੇ 'ਤੇ ਇਸ ਕਤਲ ਨੂੰ ਅੰਜਾਮ ਦਿੱਤਾ ਸੀ। ਮੁਲਜ਼ਮ ਤਰਨਤਾਰਨ ਵਿੱਚ ਆਮ ਆਦਮੀ ਪਾਰਟੀ ਦੇ ਆਗੂ ਗੁਰਪ੍ਰੀਤ ਸਿੰਘ ਉਰਫ਼ ਗੋਪੀ ਮਾਹਲ ਦੇ ਕਤਲ ਵਿੱਚ ਵੀ ਸ਼ਾਮਲ ਸਨ। ਪੰਜਾਬ ਪੁਲਿਸ ਦੇ ਡੀਜੀਪੀ ਗੌਰਵ ਯਾਦਵ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਨੇ ਇਹ ਜਾਣਕਾਰੀ ਸੋਸ਼ਲ ਮੀਡੀਆ ਅਕਾਊਂਟ ਐਕਸ 'ਤੇ ਪੋਸਟ ਕਰਕੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ। ਪੁਲਿਸ ਜਾਂਚ ਤੋਂ ਪਤਾ ਲੱਗਿਆ ਹੈ ਕਿ ਦੋਵੇਂ ਵਿਅਕਤੀਆਂ ਦਾ ਲੰਬਾ ਅਪਰਾਧਿਕ ਇਤਿਹਾਸ ਹੈ। ਉਨ੍ਹਾਂ 'ਤੇ ਕਈ ਗੰਭੀਰ ਅਪਰਾਧਿਕ ਮਾਮਲੇ ਦਰਜ ਹਨ। ਉਹ ਵਿਦੇਸ਼ੀ ਗੈਂਗਸਟਰਾਂ ਦੇ ਨਿਰਦੇਸ਼ਾਂ 'ਤੇ ਕੰਮ ਕਰ ਰਹੇ ਸਨ। ਇਸ ਦੇ ਨਾਲ ਹੀ ਪੁਲਿਸ ਉਨ੍ਹਾਂ ਦੇ ਨੈੱਟਵਰਕ ਦੀ ਭਾਲ ਕਰਨ 'ਚ ਲੱਗੀ ਹੋਈ ਹੈ। ਪੁਲਿਸ ਨੇ ਸਾਰੇ ਥਾਣਿਆਂ ਤੋਂ ਉਨ੍ਹਾਂ ਬਾਰੇ ਵੇਰਵੇ ਮੰਗੇ ਹਨ। ਜਲਦੀ ਹੀ ਪੁਲਿਸ ਉਨ੍ਹਾਂ ਨੂੰ ਅਦਾਲਤ ਵਿਚ ਪੇਸ਼ ਕਰਕੇ ਰਿਮਾਂਡ 'ਤੇ ਲਵੇਗੀ। ਸਤੰਬਰ ਮਹੀਨੇ ਵਿੱਚ ਫ਼ਿਰੋਜ਼ਪੁਰ ਵਿੱਚ ਦਿਲਦੀਪ ਸਿੰਘ ਸਮੇਤ ਤਿੰਨ ਵਿਅਕਤੀਆਂ ਦਾ ਦਿਨ ਦਿਹਾੜੇ ਕਤਲ ਕਰ ਦਿੱਤਾ ਗਿਆ ਸੀ। ਮ੍ਰਿਤਕਾਂ ਵਿੱਚ ਜਸਪ੍ਰੀਤ ਕੌਰ ਅਤੇ ਅਕਾਸ਼ਦੀਪ ਵੀ ਸ਼ਾਮਲ ਹਨ।

## ਆਤਿਸ਼ਬਾਜ਼ੀ ਦੌਰਾਨ ਵਾਪਰਿਆ ਹਾਦਸਾ, ਹੋਇਆ ਧਮਾਕਾ, 98 ਲੋਕ ਜ਼ਖ਼ਮੀ, 8 ਦੀ ਹਾਲਤ ਨਾਜ਼ੁਕ

**ਨਵੀਂ ਦਿੱਲੀ, 29 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਕੇਰਲ ਦੇ ਕਾਸਰਗੋਡ ਜ਼ਿਲ੍ਹੇ ਦੇ ਨੀਲੇਸ਼ਵਰਮ ਵਿੱਚ ਸੋਮਵਾਰ ਦੇਰ ਰਾਤ ਇੱਕ ਵੱਡਾ ਹਾਦਸਾ ਵਾਪਰ ਗਿਆ। ਇੱਥੇ ਪਟਾਕਿਆਂ ਨੂੰ ਅੱਗ ਲੱਗਣ ਤੋਂ ਬਾਅਦ ਹੋਏ ਧਮਾਕੇ ਕਾਰਨ ਕਰੀਬ 98 ਲੋਕ ਜ਼ਖ਼ਮੀ ਹੋ ਗਏ, ਜਦਕਿ 8 ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਜ਼ਖਮੀਆਂ ਨੂੰ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਸੋਮਵਾਰ ਦੇਰ ਰਾਤ ਕੇਰਲ ਦੇ ਕਾਸਰਗੋਡ ਵਿੱਚ ਨੀਲੇਸ਼ਵਰਮ ਦੇ ਨੇੜੇ ਇੱਕ ਮੰਦਰ ਵਿੱਚ ਤਿਉਹਾਰ ਦੇ ਦੌਰਾਨ ਆਤਿਸ਼ਬਾਜ਼ੀ ਚਲਾਈ ਜਾ ਰਹੀ ਸੀ। ਉਦੋਂ ਹੀ ਇਹ ਘਟਨਾ ਵਾਪਰ ਗਈ ਅਤੇ ਲਗਭਗ 98 ਲੋਕ ਜ਼ਖਮੀ ਹੋ ਗਏ। ਜ਼ਖਮੀਆਂ ਨੂੰ ਕਾਸਰਗੋਡ, ਕੰਨੂਰ ਅਤੇ ਮੰਗਲੂਰੂ ਦੇ ਵੱਖ-ਵੱਖ ਹਸਪਤਾਲਾਂ 'ਚ ਲਿਜਾਇਆ ਗਿਆ ਹੈ। ਸ਼ੱਕ ਹੈ ਕਿ ਇਹ ਹਾਦਸਾ ਉਸ ਵੇਲੇ ਵਾਪਰਿਆ ਜਦੋਂ ਵੀਰਕਾਵੂ ਮੰਦਿਰ ਨੇੜੇ ਪਟਾਕਿਆਂ ਦੇ ਸਟੋਰੇਜ਼ ਵਿੱਚ ਅਚਾਨਕ ਅੱਗ ਲੱਗ ਗਈ। ਅਧਿਕਾਰੀ ਅੱਗ ਲੱਗਣ ਦੇ ਕਾਰਨਾਂ ਦੀ ਜਾਂਚ ਕਰ ਰਹੇ ਹਨ। ਸਥਾਨਕ ਮੀਡੀਆ ਨੇ ਦੱਸਿਆ ਕਿ ਕਨਹਾਨਗੜ੍ਹ ਜ਼ਿਲ੍ਹਾ ਹਸਪਤਾਲ 'ਚ ਦਾਖਲ ਪੰਜ ਲੋਕਾਂ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਮਾਤਰਭੂਮੀ ਅਖਬਾਰ ਨੇ ਦੱਸਿਆ ਕਿ 33 ਲੋਕਾਂ ਨੂੰ ਜ਼ਿਲ੍ਹਾ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। 19 ਲੋਕਾਂ ਨੂੰ ਕਨਹਾਗੜ੍ਹ ਦੇ ਏਸ਼ਲ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ, ਜਦਕਿ 12 ਨੂੰ ਅਰਿਮਾਲਾ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। 40 ਲੋਕਾਂ ਨੂੰ ਸੰਜੀਵਨੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ, ਜਦੋਂ ਕਿ 11 ਹੋਰਾਂ ਨੂੰ ਨੀਲੇਸ਼ਵਰ ਤਾਲੁਕ ਹਸਪਤਾਲ ਅਤੇ ਪੰਜ ਨੂੰ ਕੰਨੂਰ ਦੇ ਐਸਟਰ ਐਮਆਈਐਮਐਸ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਚਸ਼ਮਦੀਦਾਂ ਦੇ ਹਵਾਲੇ ਨਾਲ ਮਾਤਰਭੂਮੀ ਨੇ ਆਪਣੀ ਰਿਪੋਰਟ 'ਚ ਕਿਹਾ ਹੈ ਕਿ ਕਾਸਰਗੋਡ ਜ਼ਿਲ੍ਹੇ ਦੇ ਨੀਲੇਸ਼ਵਰ 'ਚ ਮੂਲਮਕੁਝੀ ਚਾਮੁੰਡੀ ਥੇਯਮ ਤਿਉਹਾਰ ਚੱਲ ਰਿਹਾ ਸੀ। ਇਸ ਦੌਰਾਨ ਲੋਕ ਪਟਾਕੇ ਚਲਾ ਰਹੇ ਸਨ। ਆਤਿਸ਼ਬਾਜ਼ੀ ਦੌਰਾਨ ਵਿਸਫੋਟਕਾਂ ਨਾਲ ਇੱਕ ਪਟਾਕਾ ਸਟੋਰ ਦੀ ਬਿਲਡਿੰਗ ਵਿੱਚ ਡਿੱਗ ਗਿਆ। ਇਸ ਕਾਰਨ ਇਸ ਨੂੰ ਅੱਗ ਲੱਗ ਗਈ ਅਤੇ ਵਿਸਫੋਟਕ ਵਿੱਚ ਇਕ-ਇਕ ਕਰਕੇ ਧਮਾਕਾ ਹੋਣ ਲੱਗ ਪਿਆ। ਅੱਗ ਦੇ ਫੈਲਣ ਅਤੇ ਧਮਾਕੇ ਕਾਰਨ ਕਈ ਲੋਕ ਜ਼ਖਮੀ ਹੋ ਗਏ। ਜ਼ਖਮੀਆਂ ਵਿਚ ਬੱਚੇ ਅਤੇ ਔਰਤਾਂ ਵੀ ਸ਼ਾਮਲ ਹਨ।

## ਹਰਿਆਣਾ ਚੋਣਾਂ 'ਚ ਧਾਂਦਲੀ ਦੇ ਕਾਂਗਰਸ ਦੇ ਦੋਸ਼ ਖਾਰਿਜ, 53 ਨੇ 1600 ਪੰਨਿਆਂ ਦੇ ਜਵਾਬ 'ਚ ਦਿੱਤੀ ਚਿਤਾਵਨੀ

**ਨਵੀਂ ਦਿੱਲੀ, 29 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਚੋਣ ਕਮਿਸ਼ਨ ਨੇ ਹਰਿਆਣਾ ਚੋਣਾਂ ਵਿੱਚ ਬੇਨਿਯਮੀਆਂ ਸਬੰਧੀ ਕਾਂਗਰਸ ਦੇ ਦੋਸ਼ਾਂ ਨੂੰ ਬੇਬੁਨਿਆਦ ਦੱਸਦਿਆਂ ਰੱਦ ਕਰ ਦਿੱਤਾ ਹੈ। ਚੋਣ ਕਮਿਸ਼ਨ ਨੇ ਮੰਗਲਵਾਰ ਨੂੰ ਇਕ ਬਿਆਨ ਜਾਰੀ ਕਰਕੇ ਕਾਂਗਰਸ ਅਤੇ ਹੋਰ ਸਿਆਸੀ ਪਾਰਟੀਆਂ ਨੂੰ ਵੋਟਿੰਗ ਅਤੇ ਗਿਣਤੀ ਦੇ ਦਿਨਾਂ ਵਰਗੇ ਸੰਵੇਦਨਸ਼ੀਲ ਸਮੇਂ 'ਤੇ ਆਧਾਰਹੀਣ ਅਤੇ ਸਨਸਨੀਖੇਜ਼ ਸ਼ਿਕਾਇਤਾਂ ਕਰਨ ਤੋਂ ਸਾਵਧਾਨ ਕੀਤਾ। ਕਮਿਸ਼ਨ ਨੇ ਕਿਹਾ ਕਿ ਗੈਰ-ਜ਼ਿੰਮੇਵਾਰ ਦੋਸ਼ਾਂ ਨਾਲ ਜਨਤਾ ਵਿੱਚ ਅਸ਼ਾਂਤੀ ਅਤੇ ਅਰਾਜਕਤਾ ਫੈਲ ਸਕਦੀ ਹੈ। ਚੋਣ ਕਮਿਸ਼ਨ ਨੇ ਕਾਂਗਰਸ ਨੂੰ ਚੋਣਾਂ ਤੋਂ ਬਾਅਦ ਬੇਬੁਨਿਆਦ ਦੋਸ਼ ਲਗਾਉਣ ਤੋਂ ਗੁਰੇਜ਼ ਕਰਨ ਲਈ ਕਿਹਾ ਅਤੇ ਅਚਾਨਕ ਚੋਣ ਨਤੀਜਿਆਂ ਦਾ ਸਾਹਮਣਾ ਕਰਨ 'ਤੇ ਦੋਸ਼ ਲਗਾਉਣ ਲਈ ਪਾਰਟੀ ਦੀ ਨਿੰਦਾ ਕੀਤੀ। ਕਮਿਸ਼ਨ ਨੇ ਕਾਂਗਰਸ ਨੂੰ ਸਖ਼ਤ ਅਤੇ ਠੋਸ ਕਦਮ ਚੁੱਕਣ ਅਤੇ ਅਜਿਹੀਆਂ ਸ਼ਿਕਾਇਤਾਂ ਦੇ ਰੁਝਾਨ ਨੂੰ ਰੋਕਣ ਦੀ ਅਪੀਲ ਕੀਤੀ। ਕਮਿਸ਼ਨ ਨੇ ਕਿਹਾ ਕਿ ਹਰਿਆਣਾ ਵਿੱਚ ਚੋਣ ਪ੍ਰਕਿਰਿਆ ਦਾ ਹਰ ਪੜਾਅ ਸਹੀ ਸੀ ਅਤੇ ਇਹ ਕਾਂਗਰਸੀ ਉਮੀਦਵਾਰਾਂ ਜਾਂ ਏਜੰਟਾਂ ਦੀ ਨਿਗਰਾਨੀ ਹੇਠ ਕੀਤਾ ਗਿਆ ਸੀ। 26 ਵਿਧਾਨ ਸਭਾ ਹਲਕਿਆਂ ਦੇ ਰਿਟਰਨਿੰਗ ਅਫ਼ਸਰਾਂ ਨੇ ਜ਼ੋਰਦਾਰ ਰੀ-ਵੈਰੀਫਿਕੇਸ਼ਨ ਕੀਤੀ। ਕਾਂਗਰਸ ਨੂੰ ਸਾਰੀਆਂ ਸ਼ਿਕਾਇਤਾਂ 'ਤੇ ਚੋਣ ਕਮਿਸ਼ਨ ਦੇ ਅਧਿਕਾਰੀਆਂ ਤੋਂ 1600 ਪੰਨਿਆਂ ਦਾ ਜਵਾਬ ਮਿਲਿਆ ਹੈ। ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਨੇ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਦੀਆਂ ਸ਼ਿਕਾਇਤਾਂ ਨੂੰ ਵੀ ਰੱਦ ਕਰ ਦਿੱਤਾ ਹੈ। ਦੱਸ ਦਈਏ ਕਿ ਚੋਣ ਕਮਿਸ਼ਨ ਦੀ ਇਹ ਪ੍ਰਤੀਕਿਰਿਆ ਉਸ ਸਮੇਂ ਆਈ ਹੈ ਜਦੋਂ ਕਾਂਗਰਸ ਨੇ ਹਰਿਆਣਾ ਚੋਣਾਂ ਦੀ ਗਿਣਤੀ ਦੌਰਾਨ ਈਵੀਐੱਮ 'ਤੇ 99 ਫੀਸਦੀ ਬੈਟਰੀ ਖਰਾਬ ਹੋਣ ਦਾ ਖਦਸ਼ਾ ਜ਼ਾਹਰ ਕੀਤਾ ਸੀ, ਮਸ਼ੀਨਾਂ ਨਾਲ ਸੰਭਾਵਿਤ ਛੇੜਛਾੜ ਦੀ ਸ਼ਿਕਾਇਤ ਕੀਤੀ ਸੀ ਤੇ ਅਧਿਕਾਰੀਆਂ 'ਤੇ ਜਾਣਬੁੱਝ ਕੇ ਗਿਣਤੀ 'ਚ ਦੇਰੀ ਕਰਨ ਦਾ ਦੋਸ਼ ਲਗਾਇਆ। ਕਾਂਗਰਸ ਨੇਤਾ ਪਵਨ ਖੇੜਾ ਨੇ ਦੋਸ਼ ਲਗਾਇਆ ਸੀ ਕਿ ਹਿਸਾਰ, ਮਹਿੰਦਰਗੜ੍ਹ ਅਤੇ ਪਾਣੀਪਤ ਤੋਂ ਸ਼ਿਕਾਇਤਾਂ ਮਿਲੀਆਂ ਹਨ ਕਿ ਭਾਜਪਾ ਈਵੀਐੱਮ 'ਤੇ 99 ਫੀਸਦੀ ਬੈਟਰੀ ਸ਼ੋਅ ਹੋਣ 'ਤੇ ਸ਼ੱਕ ਜਤਾਇਆ, ਜਦਕਿ ਕਾਂਗਰਸ 60-70 ਫੀਸਦੀ ਬੈਟਰੀ ਨਾਲ ਈਵੀਐਮ 'ਤੇ ਜਿੱਤੀ ਹੈ। ਇਸ ਦੇ ਨਾਲ ਹੀ ਕਾਂਗਰਸ ਨੇਤਾ ਜੈਰਾਮ ਰਮੇਸ਼ ਨੇ ਕਿਹਾ ਸੀ ਕਿ ਕੀ ਤੁਸੀਂ ਇਸ ਸਾਜਿਸ਼ ਨੂੰ ਸਮਝ ਗਏ ਹੋ, ਜਿੱਥੇ ਈਵੀਐਮ ਵਿੱਚ 99 ਫੀਸਦੀ ਬੈਟਰੀ ਸੀ, ਉੱਥੇ ਭਾਜਪਾ ਜਿੱਤ ਗਈ, ਜਿੱਥੇ 70 ਫੀਸਦੀ ਤੋਂ ਘੱਟ ਬੈਟਰੀ ਸੀ, ਉੱਥੇ ਕਾਂਗਰਸ ਜਿੱਤ ਗਈ। ਜੇ ਇਹ ਸਾਜ਼ਿਸ਼ ਨਹੀਂ ਤਾਂ ਕੀ ਹੈ? ਉਨ੍ਹਾਂ ਕਿਹਾ ਕਿ ਹੁਣ ਤੱਕ 12 ਤੋਂ 14 ਸੀਟਾਂ 'ਤੇ ਸ਼ਿਕਾਇਤਾਂ ਮਿਲੀਆਂ ਹਨ। ਇਸ ਤੋਂ ਇਲਾਵਾ ਕਾਂਗਰਸ ਨੇ ਕਮਿਸ਼ਨ 'ਤੇ ਹਰਿਆਣਾ ਦੇ 20 ਵਿਧਾਨ ਸਭਾ ਹਲਕਿਆਂ ਵਿਚ ਚੋਣ ਪ੍ਰਕਿਰਿਆ ਵਿਚ ਗੰਭੀਰ ਅਤੇ ਸਪੱਸ਼ਟ ਬੇਨਿਯਮੀਆਂ ਦਾ ਦੋਸ਼ ਲਗਾਇਆ ਸੀ।



## ਬੰਦੀਛੋੜ ਦਿਵਸ ਮੌਕੇ ਗੁਰਦੁਆਰਾ ਸਾਹਿਬਾਨ ਅਤੇ ਘਰਾਂ 'ਚ ਘਿਓ ਦੇ ਦੀਵਿਆਂ ਦੀ ਹੀ ਦੀਪਮਾਲਾ ਕੀਤੀ ਜਾਵੇ ਬਿਜਲਈ ਸਜਾਵਟ ਤੋਂ ਕੀਤਾ ਜਾਏ ਗੁਰੇਜ਼: ਜੱਥੇਦਾਰ ਗਿਆਨੀ ਰਘਬੀਰ ਸਿੰਘ

## 1984 ਦੀ ਸਿੱਖ ਨਸਲਕੁਸ਼ੀ ਦੇ 40 ਸਾਲ ਪੂਰੇ ਹੋਣ ਦੇ ਮੱਦੇਨਜ਼ਰ ਸਿੱਖ ਕੌਮ ਨੂੰ ਆਦੇਸ਼

**ਨਵੀਂ ਦਿੱਲੀ, 29 ਅਕਤੂਬਰ (ਮਨਪ੍ਰੀਤ ਸਿੰਘ ਖਾਲਸਾ)**:- ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਇਕ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਦੇ 40 ਸਾਲ ਪੂਰੇ ਹੋਣ ਦੇ ਮੱਦੇਨਜ਼ਰ ਸਿੱਖ ਕੌਮ ਨੂੰ ਆਦੇਸ਼ ਕੀਤਾ ਹੈ ਕਿ ਇਕ ਨਵੰਬਰ ਨੂੰ ਬੰਦੀਛੋੜ ਦਿਵਸ ਮੌਕੇ ਬੰਦੀਛੋੜ ਦਾਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਯਾਦ ਵਿਚ ਕੇਵਲ ਘਿਓ ਦੇ ਦੀਵਿਆਂ ਦੀ ਹੀ ਦੀਪਮਾਲਾ ਕੀਤੀ ਜਾਵੇ ਅਤੇ ਬਿਜਲਈ ਸਜਾਵਟਾਂ ਨਾ ਕੀਤੀਆਂ ਜਾਣ।

ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਤੋਂ ਜਾਰੀ ਲਿਖਤੀ ਬਿਆਨ ਵਿਚ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ 1 ਨਵੰਬਰ 1984 ਨੂੰ ਦੇਸ਼ ਦੀ ਰਾਜਧਾਨੀ ਦਿੱਲੀ ਸਮੇਤ ਵੱਖ-ਵੱਖ ਸੂਬਿਆਂ ਦੇ 110 ਸ਼ਹਿਰਾਂ ਵਿਚ ਇਕ ਗਿਣੀ-ਮਿੱਥੀ ਸਾਜ਼ਿਸ਼ ਤਹਿਤ ਕਾਂਗਰਸ ਹਕੂਮਤ ਦੀ ਸਰਪ੍ਰਸਤੀ ਹੇਠ ਸਿੱਖਾਂ ਦਾ ਬੇਰਹਿਮੀ ਦੇ ਨਾਲ ਕਤਲੇਆਮ ਕੀਤਾ ਗਿਆ ਸੀ, ਜੋ ਸਿੱਖ ਨਸਲਕੁਸ਼ੀ ਸੀ। ਉਨ੍ਹਾਂ ਕਿਹਾ ਕਿ 1 ਨਵੰਬਰ 2024 ਨੂੰ ਸਿੱਖ ਨਸਲਕੁਸ਼ੀ ਦੇ 40 ਵਰ੍ਹੇ ਹੋਣ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪਿਛਲੇ 40 ਸਾਲਾਂ ਦੌਰਾਨ ਸਿੱਖਾਂ ਨੇ ਭਾਰਤੀ ਹਕੂਮਤ ਦੀ ਸਰਪ੍ਰਸਤੀ ਹੇਠ ਹੋਏ ਆਪਣੇ ਨਰਸੰਹਾਰ ਦੇ ਬਹੁਪੱਖੀ ਪ੍ਰਭਾਵਾਂ ਵਿਚੋਂ ਉਭਰਦਿਆਂ ਆਪਣੇ ਕੌਮੀ ਬਿਰਤਾਂਤ ਨੂੰ ਮੁੜ ਸਥਾਪਿਤ ਕਰਨ ਲਈ ਜਿਹੜਾ ਸੰਘਰਸ਼ਸ਼ੀਲ ਪੈਂਡਾ ਤਹਿ ਕੀਤਾ ਹੈ, ਉਹ ਵੀ ਅਦੁੱਤੀ ਅਤੇ ਲਾ-ਮਿਸਾਲ ਹੈ। ਉਨ੍ਹਾਂ ਕਿਹਾ ਕਿ ਨਵੰਬਰ '84 ਇਕ ਐਸਾ ਨਾਸੂਰ ਹੈ ਜੋ ਰਹਿੰਦੀ ਦੁਨੀਆ ਤੱਕ ਸਿੱਖ ਮਾਨਸਿਕਤਾ ਵਿਚ ਤਾਜ਼ਾ ਰਹੇਗਾ। ਉਨ੍ਹਾਂ ਕਿਹਾ ਕਿ 1 ਨਵੰਬਰ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾਅ ਹੋ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਆਮਦ ਦੀ ਯਾਦ ਵਿਚ ਬੰਦੀਛੋੜ ਦਿਵਸ ਵੀ ਹੈ। ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਇਸ ਵਾਰ ਬੰਦੀਛੋੜ ਦਿਵਸ ਮੌਕੇ ਸਿਰਫ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੀ ਬਿਜਲਈ ਸਜਾਵਟ ਕੀਤੀ ਜਾਵੇਗੀ। ਇਸ ਤੋਂ ਇਲਾਵਾ ਵਿਸ਼ਵ ਭਰ ਵਿਚ ਵੱਸਦੀਆਂ ਸਿੱਖ ਸੰਗਤਾਂ ਵਲੋਂ ਇਕ ਨਵੰਬਰ ਵਾਲੇ ਦਿਨ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਾਵਨ ਯਾਦ ਵਿਚ ਬੰਦੀਛੋੜ ਦਿਵਸ ਮਨਾਉਂਦਿਆਂ ਗੁਰਦੁਆਰਾ ਸਾਹਿਬਾਨ ਅਤੇ ਘਰਾਂ ਵਿਚ ਸਿਰਫ ਘਿਓ ਦੇ ਦੀਵਿਆਂ ਦੀ ਹੀ ਦੀਪਮਾਲਾ ਕੀਤੀ ਜਾਵੇ ਅਤੇ ਕਿਸੇ ਤਰ੍ਹਾਂ ਦੀ ਬਿਜਲਈ ਸਜਾਵਟ ਨਾ ਕੀਤੀ ਜਾਵੇ।



## ਯੂਬਾ ਸਿਟੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਪੁਰਬ ਮੌਕੇ ਸਜਾਏ ਜਾਣ ਵਾਲੇ ਸਾਲਾਨਾ ਨਗਰ ਕੀਰਤਨ ਦੌਰਾਨ ਹੋ ਸਕਦਾ ਹਮਲਾ: ਐਫ਼ਬੀਆਈ ਅਮੈਰਿਕਨ ਫਾਊਂਡੇਸ਼ਨ ਵੱਲੋਂ ਕੀਤੇ ਜਾ ਰਹੇ ਕੂੜ ਪ੍ਰਚਾਰ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ: ਵਿੰਨੀ ਬੈਕਨ

**ਨਵੀਂ ਦਿੱਲੀ 29 ਅਕਤੂਬਰ (ਮਨਪ੍ਰੀਤ ਸਿੰਘ ਖਾਲਸਾ)**:- ਵਿਦੇਸ਼ਾਂ ਅੰਦਰ ਕੀਤੇ ਗਏ ਸਿੱਖਾਂ ਦੇ ਕਤਲ ਅਤੇ ਕਤਲ ਦੀ ਕੋਸ਼ਿਸ਼ ਨੂੰ ਦੇਖਦਿਆਂ ਯੂਬਾ ਸਿਟੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਪੁਰਬ ਮੌਕੇ ਸਜਾਏ ਜਾਣ ਵਾਲੇ ਸਾਲਾਨਾ ਨਗਰ ਕੀਰਤਨ ਦੌਰਾਨ ਐਫ਼.ਬੀ.ਆਈ ਵਲੋਂ ਸਿੱਖ ਪੰਥ ਨੂੰ ਹਿੰਸਾ (ਬਾਹਰੀ ਵਿਅਕਤੀਆਂ ਵਲੋਂ ਹਮਲਾ) ਦੇ ਖਤਰੇ ਦੀ ਚੇਤਾਵਨੀ ਜਾਰੀ ਕਰਦਿਆਂ ਸੁਚੇਤ ਰਹਿਣ ਦੀ ਅਪੀਲ ਕੀਤੀ ਗਈ ਹੈ। ਐਫ਼.ਬੀ.ਆਈ. ਨੇ ਇਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਫਿਲਹਾਲ ਖਤਰੇ ਬਾਰੇ ਤਸਦੀਕ ਨਹੀਂ ਕੀਤੀ ਜਾ ਸਕੀ ਪਰ ਹਾਲਾਤ ਦੀ ਨਜ਼ਾਕਤ ਨੂੰ ਵੇਖਦਿਆਂ ਲਾਅ ਐਨਫੋਰਸਮੈਂਟ ਏਜੰਸੀਆਂ ਨਾਲ ਭਾਈਵਾਲੀ ਤਹਿਤ ਚੌਕਸੀ ਵਰਤੀ ਜਾ ਰਹੀ ਹੈ ਅਤੇ ਸਿੱਖ ਭਾਈਚਾਰੇ ਦੀ ਸੁਰੱਖਿਆ ਯਕੀਨੀ ਬਣਾਈ ਜਾਵੇਗੀ। ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ ਵੱਲੋਂ ਭਾਈਚਾਰੇ ਨੂੰ ਸੁਚੇਤ ਰਹਿਣ ਦਾ ਸੱਦਾ ਦਿਤਾ ਗਿਆ ਹੈ ਅਤੇ ਕਿਸੇ ਵੀ ਕਿਸਮ ਦੀ ਸ਼ੱਕੀ ਸਰਗਰਮੀ ਮਹਿਸੂਸ ਹੋਣ 'ਤੇ ਪੁਲਿਸ ਨਾਲ ਸੰਪਰਕ ਕਰਨ ਦੀ ਹਦਾਇਤ ਦਿਤੀ ਗਈ ਹੈ। ਇਥੇ ਦਸਣਾ ਬਣਦਾ ਹੈ ਕਿ ਇਸ ਵਾਰ ਯੂਬਾ ਸਿਟੀ ਵਿਖੇ ਨਗਰ ਕੀਰਤਨ ਅਤੇ ਹੋਰ ਧਾਰਮਿਕ ਸਮਾਗਮ ਪਹਿਲੀ ਨਵੰਬਰ ਤੋਂ 3 ਨਵੰਬਰ ਤੱਕ ਹੋਣਗੇ। ਦੂਜੇ ਪਾਸੇ ਕੈਲੇਫੋਰਨੀਆ ਦੇ ਫਰੀਮੌਂਟ ਸ਼ਹਿਰ ਵਿਚ ਮੇਅਰ ਦੀ ਚੋਣ ਲੜ ਰਹੇ ਉਮੀਦਵਾਰ ਵਿੰਨੀ ਬੈਕਨ ਨੇ ਗੁਰਦਵਾਰਾ ਸਾਹਿਬ ਵਿਖੇ ਸੀਸ ਨਿਵਾਇਆ ਅਤੇ ਹਿੰਦੂ ਅਮੈਰਿਕਨ ਫਾਊਂਡੇਸ਼ਨ ਵੱਲੋਂ ਸਿੱਖਾਂ ਵਿਰੁੱਧ ਕੀਤੇ ਜਾ ਰਹੇ ਕੂੜ ਪ੍ਰਚਾਰ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਮੇਅਰ ਦੀ ਚੋਣ ਜਿੱਤਣ ਮਗਰੋਂ ਉਹ ਸ਼ਹਿਰ ਦੇ ਪਾਰਕ ਦਾ ਨਾਂ ਭਾਈ ਜਸਵੰਤ ਸਿੰਘ ਖਾਲੜਾ ਦੇ ਨਾਂ 'ਤੇ ਰੱਖਣਗੇ।



ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ (ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ) ਦੀ ਪ੍ਰੇਰਨਾ ਸਦਕਾ

www.nsycuk.com

ਸਾਲਾਨਾ ਯਾਤਰਾ 20 ਫਰਵਰੀ ਤੋਂ 12 ਮਾਰਚ 2025 ਤੱਕ

# ਪੰਜ ਤਖ਼ਤ ਸਾਹਿਬਾਨ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਦੀ ਸਾਲਾਨਾ ਯਾਤਰਾ


ਸ੍ਰੀ ਅਕਾਲ ਤਖ਼ਤ ਸਾਹਿਬ


ਤਖ਼ਤ ਸ੍ਰੀ ਪਟਨਾ ਸਾਹਿਬ


ਤਖ਼ਤ ਸ੍ਰੀ ਕੇਸਗੜ੍ਹ ਸਾਹਿਬ


ਤਖ਼ਤ ਸ੍ਰੀ ਦਮਦਮਾ ਸਾਹਿਬ


ਤਖ਼ਤ ਸ੍ਰੀ ਹਜ਼ੂਰ ਸਾਹਿਬ

## ਯਾਤਰਾ ਗੁਰਦੁਆਰਾ ਦੂਖ ਨਿਵਾਰਣ ਸਾਹਿਬ, ਗੁਰੂ ਤੇਗ ਬਹਾਦਰ ਨਗਰ, ਜਲੰਧਰ ਤੋਂ

20 ਫਰਵਰੀ 2025, ਦਿਨ ਵੀਰਵਾਰ ਨੂੰ ਸਵੇਰੇ ਠੀਕ 8 ਵਜੇ ਆਰੰਭ ਹੋਵੇਗੀ, ਸੰਗਤਾਂ ਸਵੇਰੇ 7.30 ਵਜੇ ਤੱਕ ਪਹੁੰਚਣ ਦੀ ਕਿਰਪਾ ਕਰਨ। 12 ਮਾਰਚ 2025, ਦਿਨ ਬੁੱਧਵਾਰ ਨੂੰ ਉਕਤ ਗੁਰਦੁਆਰਾ ਸਾਹਿਬ ਵਿਖੇ ਹੀ ਯਾਤਰਾ ਦੀ ਸਮਾਪਤੀ ਹੋਵੇਗੀ।



ਸੀਮਤ ਸੀਟਾਂ ਜਲਦੀ ਬੁਕਿੰਗ ਕਰਵਾਉ ਜੀ

**ਬਾਹਰਲੇ ਦੇਸ਼ਾਂ ਤੋਂ ਜਾਣ ਵਾਲੇ ਯਾਤਰੀ ਦਾ ਖਰਚ 400 ਪੌਂਡ ਅਤੇ ਪੱਕੇ ਤੌਰ 'ਤੇ ਭਾਰਤ ਵਿਚ ਰਹਿ ਰਹੇ ਯਾਤਰੀ ਦਾ ਖਰਚਾ 20 ਹਜ਼ਾਰ ਰੁਪਏ ਹੈ**

ਨੋਟ: ਵਿਦੇਸ਼ਾਂ ਤੋਂ ਸੰਗਤਾਂ ਆਪੋ-ਆਪਣੀਆਂ ਟਿਕਟਾਂ ਲੈ ਕੇ ਪੰਜਾਬ ਪਹੁੰਚਣਗੀਆਂ। ਯਾਤਰਾ ਏਅਰ ਕੰਡੀਸ਼ਨਰ ਕੋਚਾਂ ਵਿੱਚ ਕਰਵਾਈ ਜਾਵੇਗੀ। ਇੰਗਲੈਂਡ, ਅਮਰੀਕਾ, ਕੈਨੇਡਾ ਜਾਂ ਦੁਨੀਆਂ ਦੇ ਕਿਸੇ ਵੀ ਦੇਸ਼ ਵਿੱਚ ਰਹਿੰਦੇ ਸ਼ਰਧਾਲੂ ਇਸ ਯਾਤਰਾ ਵਿੱਚ ਜਾਲ ਲਈ ਸੰਪਰਕ ਕਰ ਸਕਦੇ ਹਨ। ਭਾਰਤ ਦੇ ਪੱਕੇ ਵਸਨੀਕ ਰਿਸ਼ਤੇਦਾਰਾਂ/ ਮਿੱਤਰਾਂ ਦੀ ਬੁਕਿੰਗ ਵੀ ਇੱਥੇ ਯੂ.ਕੇ. ਵਿੱਚ ਤੁਸੀਂ ਕਰਵਾ ਸਕਦੇ ਹੋ।

ਗੁ. ਸ੍ਰੀ ਗੁਰੂ ਤੇਗ ਬਹਾਦਰ, ਜਲੰਧਰ ਤੋਂ ਸ਼ੁਰੂਆਤ, ਗੁ. ਸ਼ਹੀਦ ਬੇਅੰਤ ਸਿੰਘ, ਗੁ. ਗੁਰੂ ਕਾ ਲਾਹੌਰ, ਗੁ. ਸੁਹੇਲਾ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਆਨੰਦਪੁਰ ਸਾਹਿਬ, ਬਾਉਲੀ ਸਾਹਿਬ, ਗੁ. ਨਾਢਾ ਸਾਹਿਬ, ਗੁ. ਸ੍ਰੀ ਕ੍ਰਿਪਾਲ ਸ਼ਿਲਾ, ਗੁ. ਸ੍ਰੀ ਪਾਉਂਟਾ ਸਾਹਿਬ, ਗੁ. ਦਸਤਾਰ ਅਸਥਾਨ, ਗੁ. ਭੰਗਾਣੀ ਸਾਹਿਬ, ਗੁ. ਤੀਰਗੜ੍ਹੀ ਸਾਹਿਬ, ਗੁ. ਨਾਨਕਮਤਾ ਸਾਹਿਬ, ਗੁ. ਬਾਬਾ ਅਲਮਸਤ ਸਾਹਿਬ, ਗੁ. ਭੰਡਾਰਾ ਸਾਹਿਬ, ਗੁ. ਦੁੱਧ ਵਾਲਾ ਖੂਹ, ਬਾਉਲੀ ਸਾਹਿਬ, ਗੁ. ਭਗਤ ਕਬੀਰ ਜੀ ਮਗਹਰ,ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ, ਗੁ. ਗਊ ਘਾਟ, ਗੁ. ਤਾਕੀ ਸਾਹਿਬ, ਗੁ. ਗੁਰੂ ਕਾ ਬਾਗ ਪਟਨਾ ਸਾਹਿਬ, ਗੁ. ਕੰਗਣ ਘਾਟ, ਮਾਤਾ ਗੁਜਰੀ ਜੀ ਦਾ ਖੂਹ, ਗੁ. ਬਾਲ ਲੀਲ੍ਹਾ, ਗੁ. ਹਾਂਡੀ ਸਾਹਿਬ, ਗੁ. ਸ਼ੀਤਲ ਕੁੰਡ ਰਾਜਗੀਰ, ਗੁ. ਗਵਾਰੀ ਘਾਟ ਸਾਹਿਬ ਜੱਬਲਪੁਰ, ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਗੁ. ਰਤਨਗੜ੍ਹ ਸਾਹਿਬ, ਗੁ. ਨਾਨਕਸਰ, ਗੁ. ਸੰਗਤ ਸਾਹਿਬ, ਗੁ. ਮਾਤਾ ਸਾਹਿਬ ਦੇਵਾਂ ਜੀ, ਗੁ. ਅੰਗੀਠਾ ਸਾਹਿਬ ਸੰਤ ਬਾਬਾ ਨਿਧਾਨ ਸਿੰਘ ਜੀ-ਸੰਤ ਬਾਬਾ ਹਰਨਾਮ ਸਿੰਘ ਜੀ, ਗੁ. ਭਜਨਗੜ੍ਹ ਸਾਹਿਬ, ਗੁ. ਨਾਨਕ ਝੀਰਾ ਸਾਹਿਬ, ਗੁ. ਹੀਰਾ ਘਾਟ, ਗੁ. ਮਾਲਟੇਕੜੀ ਸਾਹਿਬ, ਗੁ. ਨਗੀਨਾ ਘਾਟ, ਗੁ. ਬੰਦਾ ਘਾਟ, ਦੇਹੁਰਾ ਭਗਤ ਨਾਮਦੇਵ ਜੀ, ਗੁ. ਬੜੀ ਸੰਗਤ ਸਾਹਿਬ ਬੁਰਹਾਨਪੁਰ, ਗੁ. ਦੱਖਣੀ ਓਅੰਕਾਰ ਸਾਹਿਬ, ਗੁ. ਸਾਹਿਬ ਬੇਟਮਾ ਇੰਦੌਰ, ਗੁ. ਦਾਤਾ ਬੰਦੀ ਛੋੜ ਗਵਾਲੀਅਰ, ਗੁ. ਦੂਖ ਨਿਵਾਰਨ ਸਾਹਿਬ ਆਗਰਾ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਭਾਈ ਡੱਲੇ ਦੀ ਹਵੇਲੀ, ਭੋਰਾ ਬਾਬਾ ਦੀਪ ਸਿੰਘ ਜੀ, ਗੁ. ਬਾਬਾ ਬੀਰ ਸਿੰਘ ਧੀਰ ਸਿੰਘ, ਗੁ. ਦਮਦਮਾ ਸਾਹਿਬ, ਗੁਰਦੁਆਰਾ ਬੁੰਗਾ ਮਸਤੂਆਣਾ, ਗੁਰੂਸਰ ਮਹਿਰਾਜ, ਗੁ. ਜ਼ਫ਼ਰਨਾਮਾ ਸਾਹਿਬ, ਗੁਰਦੁਆਰਾ ਟੁੱਟੀ ਗੰਢੀ ਸਾਹਿਬ, ਗੁ. ਤੰਬੂ ਸਾਹਿਬ ਸ੍ਰੀ ਮੁਕਤਸਰ ਸਾਹਿਬ, ਸ੍ਰੀ ਤਰਨਤਾਰਨ ਸਾਹਿਬ, ਛੇਹਰਟਾ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਜਲੰਧਰ ਵਾਪਸੀ ਹੋਵੇਗੀ ।

**ਯਾਤਰੂ ਟਰੈਵਲ ਇੰਸ਼ੋਰੈਂਸ ਖੁਦ ਜ਼ਰੂਰ ਕਰਵਾਉਣ। ਤੁਸੀਂ ਆਪਣੇ ਨਾਂਅ ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਵਿਚ ਵੀ ਸਾਡੇ ਸੇਵਾਦਾਰਾਂ ਨੂੰ ਦੇ ਸਕਦੇ ਹੋ। ਵਧੀਆ ਰਿਹਾਇਸ਼ ਅਤੇ ਮੁੱਢਲੀ ਡਾਕਟਰੀ ਸਹਾਇਤਾ ਦਾ ਖਾਸ ਪ੍ਰਬੰਧ ਕੀਤਾ ਜਾਂਦਾ ਹੈ।**

## ਗੁਰੂ ਪੰਥ ਦੇ ਦਾਸ: ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ

| | | | |
|---|---|---|---|
| ਭਾਈ ਰਘਵੀਰ ਸਿੰਘ ਮਾਲੜੀ ਨੌਟਿੰਘਮ | +44 7813953484 | ਭਾਈ ਅਮਰੀਕ ਸਿੰਘ ਤੂਰ ਡਰਬੀ | +44 7539243163 |
| ਭਾਈ ਰਘਵੀਰ ਸਿੰਘ ਵਾਲਸਾਲ | +44 7976210161 | ਬੀਬੀ ਜਸਵਿੰਦਰ ਕੌਰ ਥਾਂਦੀ ਕਵੈਂਟਰੀ | +44 7895666314 |
| ਭਾਈ ਬਲਜੀਤ ਸਿੰਘ ਕੰਗ | +44 7780605230 | ਭਾਈ ਕਪਤਾਨ ਸਿੰਘ ਵੁਲਵਰਹੈਂਪਟਨ | +44 7788283485 |

ਨੋਟ: ਕਿਸੇ ਜਥੇਬੰਦੀ ਜਾਂ ਨਿੱਜੀ ਲਾਭ ਦੀ ਬਜਾਇ ਇਸ ਯਾਤਰਾ ਕਮੇਟੀ ਦਾ ਗਠਨ ਸੰਗਤਾਂ ਦੀ ਸੇਵਾ ਲਈ ਕੀਤਾ ਗਿਆ ਹੈ, ਇਕੱਤਰ ਮਾਇਆ ਗੁਰਦੁਆਰਾ ਸਾਹਿਬਾਨ ਦੀ ਸੇਵਾ ਵਿੱਚ ਹੀ ਲਾਈ ਜਾਂਦੀ ਹੈ।

Nankana Sahib Yatra Committee U.K, 21 Hazel Ave, Littleover, Derby De23 7HA
www.nsycuk.com, E-Mail: nsycuk1469@gmail.com
ਪਿਛਲੇ ਸਾਲਾਂ ਦੀਆਂ ਯਾਤਰਾ ਤਸਵੀਰਾਂ ਦੇਖਣ ਲਈ ਸਾਡੇ ਫੇਸਬੁੱਕ ਪੇਜ Nankana Sahib Yatra Commitee UK ਅਤੇ ਵੈੱਬਸਾਈਟ ਤੇ ਜ਼ਰੂਰ ਜਾਉ ਜੀ

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ



ਜਨਮ
ਪਿੰਡ ਰੋਡੇ
2.6.1947
Birth
Pind Rode

ਸ਼ਹੀਦੀ
ਸ੍ਰੀ ਦਰਬਾਰ ਸਾਹਿਬ
ਅੰਮ੍ਰਿਤਸਰ
6.6.1984
Shaheedi
Sri Darbar Sahib
Amritsar

www.damdamitaksal.net

Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net

---


ਦਮਦਮੀ ਟਕਸਾਲ

ਨਾਮ ਜਪੋ
ਕਿਰਤ ਕਰੋ
ਵੰਡ ਛਕੋ

Naam Japo
Kirat Karo
Vand Shako

ਜਥਾ ਭਿੰਡਰਾਂ (ਮਹਿਤਾ)
www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi

ਗਤਕਾ ਸਿੱਖੋ Learn Gatka
www.damdamitaksal.net


---


ਆਵਾਜ਼ਿ ਕੌਮ
Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

---


24 HOURS SERVICE EVERYDAY

PURE AND NATURAL 100% VEGETARIAN

Enjoy Real Taste of PUNJAB

KD
FULLY A.C. HALL
**Khehra VAISHNO DHABA**
BREAKFAST
LUNCH
DINNER

**OUR SPECIALIZATION :** Au Important Ingredients used to Prepare Dishes are Grown in our own farmes.

Soup
Burger
Sandwich
Pizza
Grilled Breads
Continental Fast Food
Tandoori Snacks
Tandoori Breads
Biryani Khas
Beverages
Shakes
Desserts
Punjabi Snacks
South Indian
Kathi Roll
Pasta
Chines Food
Raita Salad

V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757



We Accept Online & Card Payment


---

# ਪੰਜਾਬੀ
## ਸਿੱਖੋ ਬੋਲੋ ਪੜ੍ਹੋ ਲਿਖੋ

ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ

| | | | | |
|---|---|---|---|---|
| ੳ | ਅ | ੲ | ਸ | ਹ |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |
| ਸ਼ | ਖ਼ | ਗ਼ | ਜ਼ | ਫ਼ | ਲ਼ |

Love Maa Boli Punjabi

www.damdamitaksal.net

ਮੁਕਤਾ, ਾ ਕੰਨਾ, ਿ ਸਿਹਾਰੀ, ੀ ਬਿਹਾਰੀ
ੁ ਔਂਕੜ, ੂ ਦੁਲੈਂਕੜ, ੇ ਲਾਂ, ੈ ਦੁਲਾਵਾਂ
ੋ ਹੋੜਾ, ੌ ਕਨੌੜਾ, ੰ ਟਿੱਪੀ, ਾਂ ਕੰਨਾ-ਬਿੰਦੀ

www.damdamitaksal.net

੧ ੨ ੩ ੪ ੫ ੬ ੭ ੮ ੯ ੧੦

www.damdamitaksal.net
**Learn Speak Read Write PUNJABI**


ਦੇਗ ਤੇਗ ਫ਼ਤਿਹ – ਪੰਥ ਕੀ ਜੀਤ
ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥
ਸਲਾਨਾ ਜੋੜ ਮੇਲਾ
ਧੰਨ-ਧੰਨ ਮਾਤਾ ਸਾਹਿਬ ਕੌਰ ਜੀ
ਜਥੇਦਾਰ ਬਾਬਾ ਖੜਕ ਸਿੰਘ ਨਿਹੰਗ ਸਿੰਘ ਜੀ
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ
ਗੁਰਮਤਿ ਸਮਾਗਮ
3 ਨਵੰਬਰ 2024 ਦਿਨ ਐਤਵਾਰ ਨੂੰ
ਗੁਰਦੁਆਰਾ ਸ਼ਹੀਦਾਂ, ਜੱਸੋਵਾਲ
(ਬੱਬਰਾਂ ਦਾ ਹਾਈਕੋਰਟ)
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ ਭਿੰਡਰਾਂ ਵਾਲੇ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ,
ਪ੍ਰਧਾਨ ਭਾਈ ਲਾਲੋ ਜੀ ਸੰਤ ਸਮਾਜ, ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ
ਸੰਪਰਕ ਨੰਬਰ
98141-27470



ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ
ਰੰਧਾਵਾ ਪਗੜੀ ਸੈਂਟਰ
ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।
☬ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446


ASA Gas Heating Solution Ltd.
Boilers
Certificates
Gas Work
Cylinders
Maintenance Services
Gas Safety Inspections
Plumbing Work
Vaillant APPROVED INSTALLER
WORCESTER Bosch Group
ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ
Mr. Simran Singh : 0749 534 2620
asagasheatingsolutions@gmail.com
Call us now for a Free no-olbigation quote







KHALSA FORGE

Explore a stunning collection of high-quality Damascus and Sarbloh Kirpans, meticulously crafted for excellence.
www.khalsaforge.com

# ਖਾਲਸਾ ਫੋਰਜ

☛ ਉੱਚ ਕੁਆਲਿਟੀ ਦੀਆਂ ਸਰਬਲੋਹ ਕਿਰਪਾਨਾਂ ਅਤੇ ਗਾਤਰਾ ਸਾਹਿਬ ਖ਼ਰੀਦਣ ਲਈ ਸੰਪਰਕ ਕਰੋ।

☛ ਆਨਲਾਈਨ ਆਰਡਰ ਵੀ ਬੁੱਕ ਕੀਤੇ ਜਾਂਦੇ ਹਨ।









www.khalsaforge.com

# HAYES PLANT HIRE

WE TRAIN YOU GAIN

NPORS ACCREDITED


Telescopic Handler


Excavator 360


Road Roller


Forward Tipping Dumper


Tractor


Dozer

Plant Training and Testing on All CATEGORIES OF **MACHINERY.**


Dump Truck

# HAYES PLANT HIRE

ਉਪਰੋਕਤ ਮਸ਼ੀਨਾਂ ਦੇ ਲਾਇਸੈਂਸ ਪ੍ਰਾਪਤ ਕਰਨ ਲਈ ਸੰਪਰਕ ਕਰੋ

NROPS Accredited

## ਉਪਰੋਕਤ ਹਰ ਤਰ੍ਹਾਂ ਦੀ ਮਸ਼ੀਨਰੀ ਦੀ ਟਰੇਨਿੰਗ ਅਤੇ ਟੈਸਟਿੰਗ ਦੀ ਸਿਖਲਾਈ ਦਿੱਤੀ ਜਾਂਦੀ ਹੈ।

## CONTACT- 07831543004

Hollis Farm, Clay Cross Chesterfield. S45 9BA

01246864370

ਆਵਾਜ਼ਿ ਕੌਮ AWAZE QAUM International Newspaper & WEB TV

CALL US TO BOOK YOUR CSCS LEVEL ONE COURSE.

**07715128621**


DHAN DHAN SRI GURU NANAK DEV JI'S PARKASH PURAB
SANDWELL
NAGAR KIRTAN
ਨਗਰ ਕੀਰਤਨ
SUNDAY 3 NOV 2024
GURDWARA GURU HAR RAI SAHIB JI START 9.00AM
George Street, West Bromwich
GURU NANAK GURDWARA 11.00AM
Edward Street, West Bromwich
GURDWARA AMRIT PARCHAR DHARMIK DIWAN 1.00PM
Birmingham Road, Oldbury
GURDWARA GURU MANEYO GRANTH 2.00PM
Popes Lane, Oldbury
GURDWARA BABA SANG 3.15PM
St Paul's Road, Smethwick
GURU NANAK GURDWARA SMETHWICK 4.00pm FINISH
High Street, Smethwick
ਗੁਰਦੁਆਰਾ ਗੁਰੂ ਹਰਿ ਰਾਇ ਸਾਹਿਬ ਅਰੰਭਤਾ: ੯.੦੦ ਵਜੇ
ਜੋਰਜ ਸਟਰੀਟ ਵੈਸਟ ਬ੍ਰਮਵਿਚ
ਗੁਰੂ ਨਾਨਕ ਗੁਰਦੁਆਰਾ, ੧੧.੦੦ ਵਜੇ
ਏਡਵਰਡ ਸਟਰੀਟ ਵੈਸਟ ਬ੍ਰਮਵਿਚ
ਗੁਰਦੁਆਰਾ ਅੰਮ੍ਰਿਤ ਪ੍ਰਚਾਰ ਧਾਰਮਿਕ ਦੀਵਾਨ ੧.੦੦ ਵਜੇ
ਬ੍ਰਮਿੰਘਮ ਰੋਡ, ਓਲਡਬਰੀ
ਗੁਰਦੁਆਰਾ ਗੁਰੂ ਮਾਨਯੋ ਗ੍ਰੰਥ ੨.੦੦ ਵਜੇ
ਪੋਪਸ ਲੇਨ, ਓਲਦਬਰੀ
ਗੁਰਦੁਆਰਾ ਬਾਬਾ ਸੰਗ ਜੀ ੩.੧੫ ਵਜੇ
ਸਟ. ਪੌਲਜ਼ ਰੋਡ, ਸਮੈਦਿਕ
ਗੁਰੂ ਨਾਨਕ ਗੁਰਦੁਆਰਾ ਸਮਾਪਤੀ: ੪.੦੦ ਵਜੇ
ਸਮੈਦਿਕ
ਆਵਾਜ਼ਿ ਕੌਮ AWAZE QAUM International Newspaper & WEB TV
GURU HAR RAI GURDWARA SAHIB - 0121 553 7219
GURU NANAK GURDWARA SMETHWICK - 0121 558 2527
GURDWARA AMRIT PARCHAR DHARMIK DIWAN OLDBURY
Gurdwara Guru Maneyo Granth OLDBURY
GURU NANAK GURDWARA SMETHWICK
The Council of Sikh Gurdwaras in Sandwell

ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥

ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਨੂੰ ਅਤੇ
ਧੰਨ-ਧੰਨ ਮਾਤਾ ਸਹਿਬ ਕੌਰ ਜੀ ਦੇ ਜਨਮ ਦਿਵਸ ਨੂੰ ਸਮਰਪਿਤ

# 28ਵਾਂ
# ਸਲਾਨਾ ਗੁਰਮਤਿ ਸਮਾਗਮ

## ਗੁਰਦੁਆਰਾ ਸ਼ਹੀਦਾਂ, ਪਿੰਡ ਜੱਸੋਵਾਲ (ਬੀਹੜਾਂ)

(ਬੱਬਰਾਂ ਦੇ ਹਾਈ ਕੋਰਟ)



ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਮਿਤੀ 3 ਨਵੰਬਰ 2024 ਦਿਨ ਐਤਵਾਰ
ਨੂੰ ਸ਼੍ਰੀ ਅਖੰਡ ਪਾਠ ਸਾਹਿਬਾਂ ਜੀ ਦੇ ਭੋਗ ਉਪਰੰਤ ਦੀਵਾਨ ਸਜਣਗੇ।

ਸਿੰਘ ਸਾਹਿਬਾਨ, ਦਮਦਮੀ ਟਕਸਾਲ, ਸੰਤ ਮਹਾਂਪੁਰਸ਼, ਸੰਪਰਦਾਵਾਂ ਦੇ ਮੁਖੀ, ਨਿਹੰਗ ਸਿੰਘ ਜਥੇਬੰਦੀਆਂ, ਮੈਂਬਰ ਸ਼੍ਰੋਮਣੀ ਕਮੇਟੀ, ਨਿਰਮਲੇ, ਉਦਾਸੀ, ਧਾਰਮਿਕ, ਸੰਯੁਕਤ ਕਿਸਾਨ ਮੋਰਚੇ ਦੇ ਆਗੂ, ਹਰ ਪਾਰਟੀ ਦੇ ਸਿਆਸੀ ਲੀਡਰ, ਇੰਟਰਨੈਸ਼ਨਲ ਪੰਥਕ ਦਲ ਭਾਰਤ ਅਤੇ ਯੂ.ਕੇ. ਦੇ ਸਮੂਹ ਅਹੁਦੇਦਾਰ, ਨਾਮਵਰ ਰਾਗੀ-ਢਾਡੀ-ਕਵੀਸ਼ਰ ਜਥੇ ਪਹੁੰਚ ਰਹੇ ਹਨ।
ਸਭ ਨੂੰ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਵੱਧ ਤੋਂ ਵੱਧ ਸੰਗਤਾਂ ਲੈ ਕੇ ਸਮਾਗਮਾਂ ਵਿੱਚ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।

ਗੁਰੂ ਦੇ ਲੰਗਰ ਅਤੇ ਚਾਹ-ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ।



ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ

1 ਨਵੰਬਰ 2024 ਦਿਨ ਸ਼ੁੱਕਰਵਾਰ
ਲੜੀ ਅਰੰਭ ਸ਼੍ਰੀ ਅਖੰਡ ਪਾਠ ਸਾਹਿਬ 10-00 ਵਜੇ ਸਵੇਰੇ
3 ਨਵੰਬਰ 2024 ਦਿਨ ਐਤਵਾਰ ਨੂੰ
ਲੜੀ ਭੋਗ ਸ਼੍ਰੀ ਅਖੰਡ ਪਾਠ ਸਾਹਿਬ 10-00 ਵਜੇ ਸਵੇਰੇ

ਖੁੱਲ੍ਹੇ ਪੰਡਾਲ ਵਿੱਚ ਸਵੇਰੇ 10-00 ਵਜੇ ਤੋਂ ਸ਼ਾਮ 4-00 ਵਜੇ ਤੱਕ ਦੀਵਾਨ ਸਜਣਗੇ।

ਬੇਨਤੀ ਕਰਤਾ :-



## ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ

ਦਮਦਮੀ ਟਕਸਾਲ ਭਿੰਡਰਾਂਵਾਲੇ
ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ
ਪ੍ਰਧਾਨ ਸੰਤ ਸਮਾਜ ਭਾਈ ਲਾਲੋ ਜੀ
ਮੁੱਖ ਬੁਲਾਰਾ ਅੰਤਰਰਾਸ਼ਟਰੀ ਇੰਟਰਨੈਸ਼ਨਲ ਪੰਥਕ ਦਲ
ਮੋ: 98141-27470, 73408-35137

ਜਾਰੀ ਕਰਤਾ :- ਜਰਨੈਲ ਸਿੰਘ ਢਿੱਲੋਂ, 84278-66404

### ਵਿਸ਼ਾ ਆਪਣੇ ਪਾਲਤੂ ਜਾਨਵਰਾਂ ਨਾਲ

# ਸੁਰੱਖਿਅਤ ਸੰਪਰਕ ਰੱਖੋ ਸਿਵਲ ਸਰਜਨ : ਡਾ ਕਿਰਨਦੀਪ ਕੌਰ



**ਚੌਕ ਮਹਿਤਾ, 29 ਅਕਤੂਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਸਿਹਤ ਵਿਭਾਗ ਵੱਲੋਂ ਸਿਵਲ ਸਰਜਨ ਡਾ ਕਿਰਨਦੀਪ ਕੌਰ ਦੀ ਅਗਵਾਈ ਹੇਠ ਨੈਸ਼ਨਲ ਰੇਬਿਜ ਕੰਟਰੋਲ ਪ੍ਰੋਗਰਾਮ ਤਹਿਤ ਇੱਕ ਜਾਗਰੂਕਤਾ ਅਭਿਆਨ ਦੀ ਸ਼ੁਰੂਆਤ ਦਫਤਰ ਸਿਵਿਲ ਸਰਜਨ ਵਿਖੇ ਤੋਂ ਕੀਤੀ ਗਈ। ਇਸ ਦੌਰਾਨ ਸਮੂਹ ਪੈਰਾਂ ਮੈਡੀਕਲ ਸਟਾਫ ਦੇ ਸੁਪਰਵਾਈਜ਼ਰਾਂ ਦੀ ਮੀਟਿੰਗ ਕੀਤੀ ਗਈ ਅਤੇ ਇੱਕ ਜਾਗਰੂਕਤਾ ਕੋਮਿਕਸ ਰਿਲੀਜ ਕੀਤਾ ਗਿਆ ਇਸ ਕੌਮਿਕਸ ਵਿੱਚ ਹਲਕਾਅ ਪ੍ਰਤੀ ਜਾਗਰੂਕਤਾ ਲਈ ਭਰਪੂਰ ਜਾਣਕਾਰੀ ਦਿੱਤੀ ਗਈ ਹੈ। ਇਸ ਰਾਹੀਂ ਜਿਲ੍ਹੇ ਭਰ ਦੇ ਸਮੂਹ ਸਿਹਤ ਕੇਂਦਰਾਂ ਅਤੇ ਖਾਸ ਕਰਕੇ ਸਕੂਲਾਂ ਦੇ ਬੱਚਿਆਂ ਨੂੰ ਹਲਕਾਅ ਪ੍ਰਤੀ ਜਾਗਰੂਕ ਕੀਤਾ ਜਾਵੇਗਾ। ਇਸ ਦੌਰਾਨ ਸੰਬੋਧਨ ਕਰਦਿਆਂ ਸਿਵਲ ਸਰਜਨ

ਡਾ ਕਿਰਨਦੀਪ ਕੌਰ ਨੇ ਕਿਹਾ ਕਿ ਘਰਾਂ ਵਿੱਚ ਪਾਲਤੂ ਜਾਨਵਰ ਰੱਖਣਾ ਇਕ ਆਮ ਰੁਝਾਨ ਬਣਦਾ ਜਾ ਰਿਹਾ ਹੈ ਇਸ ਤੋਂ ਇਲਾਵਾ ਅਵਾਰਾ ਕੁੱਤਿਆਂ ਦੀ ਭਰਮਾਰ ਹੁੰਦੀ ਜਾ ਰਹੀ ਹੈ। ਜਿਸ ਕਰਕੇ ਹਲਕਾ ਵਰਗੀ ਖਤਰਨਾਕ ਬਿਮਾਰੀ ਦਾ ਖਤਰਾ ਨਿਰੰਤਰ ਬਣਿਆ ਰਹਿੰਦਾ ਹੈ। ਇਸ ਤੋਂ ਸੁਰੱਖਿਆ ਅਤੇ ਜਾਗਰੂਕ ਕਰਨ ਲਈ ਸਿਹਤ ਵਿਭਾਗ ਵੱਲੋਂ ਇੱਕ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ ਜਿਸ ਰਾਹੀਂ ਹਲਕਾਅ ਪ੍ਰਤੀ ਜਾਗਰੂਕ ਦਾ ਸੁਨੇਹਾ ਘਰ ਘਰ ਤੱਕ ਪਹੁੰਚਾਇਆ ਜਾਵੇਗਾ। ਉਹਨਾਂ ਆਖਿਆ ਕਿ ਆਪਣੇ ਪਾਲਤੂ ਜਾਨਵਰਾਂ ਨਾਲ ਸੁਰੱਖਿਤ ਸੰਪਰਕ ਰੱਖੋ ਅਤੇ ਸਮੇਂ ਸਮੇਂ ਤੇ ਉਨਾਂ ਦੀ ਵੈਕਸੀਨੇਸ਼ਨ ਕਰਾਉਣੀ ਯਕੀਨੀ ਬਣਾਓ। ਇਸ ਤੋਂ ਇਲਾਵਾ ਅਵਾਰਾ ਜਾਨਵਰਾਂ ਨਾਲ ਛੇੜਛਾੜ ਨਾ ਕੀਤੀ ਜਾਵੇ ਅਤੇ ਉਹਨਾਂ ਤੋਂ ਸੁਰੱਖਿਤ ਦੂਰੀ ਬਣਾ ਕੇ ਰੱਖੀ ਜਾਵੇ। ਇਸ ਤੋਂ ਇਲਾਵਾ ਜੇਕਰ ਕਿਸੇ ਵੀ ਵਿਅਕਤੀ ਨੂੰ ਕੋਈ ਅਵਾਰਾ ਜਾਨਵਰ ਕੱਟਦਾ ਹੈ ਤਾਂ ਤੁਰੰਤ ਨਜ਼ਦੀਕ ਦੇ ਸਰਕਾਰੀ ਸਿਹਤ ਕੇਂਦਰ ਦੇ ਜਾ ਕੇ ਆਪਣਾ ਇਲਾਜ ਕਰਵਾਇਆ ਜਾਵੇ ਅਤੇ ਘਰੇਲੂ ਟੋਟਕਿਆਂ ਤੋਂ ਪਰਹੇਜ ਰੱਖਿਆ ਜਾਵੇ। ਇਸ ਮੌਕੇ ਸਹਾਇਕ ਸਿਵਲ ਸਰਜਨ ਡਾਕਟਰ ਰਜਿੰਦਰ ਪਾਲ ਕੌਰ, ਜਿਲਾ ਪਰਿਵਾਰ ਭਲਾਈ ਅਫਸਰ ਡਾਕਟਰ ਨੀਲਮ ਭਗਤ, ਜਿਲਾ ਐਪੀਡਮੋਲੋਜਿਸਟ ਡਾਕਟਰ ਹਰਜੋਤ ਕੌਰ, ਜਿਲਾ ਐਮ ਈ ਆਈ ਓ ਅਮਰਦੀਪ ਸਿੰਘ, ਰਾਮ ਮਹਿਤਾ ਸੁਖਦੇਵ ਸਿੰਘ, ਹਰਵਿੰਦਰ ਸਿੰਘ, ਬਲਵਿੰਦਰ ਸਿੰਘ ਅਤੇ ਸਮੂਹ ਪੈਰਾਮੈਡੀਕਲ ਸਟਾਫ ਹਾਜ਼ਰ ਸੀ।

### 68ਵੀਆਂ ਸੂਬਾ ਪੱਧਰੀ ਬਾਕਸਿੰਗ ਖੇਡਾਂ ਵਿੱਚ

# ਖਿਡਾਰੀਆਂ ਨੇ ਦਿਖਾਏ ਜੌਹਰ





**ਤਲਵੰਡੀ ਸਾਬੋ, 29 ਅਕਤੂਬਰ (ਗੁਰਜੰਟ ਸਿੰਘ ਨਥੇਹਾ)**- ਖਾਲਸਾ ਸੀਨੀਅਰ ਸੈਕੰਡਰੀ ਸਕੂਲ ਤਲਵੰਡੀ ਸਾਬੋ ਵਿਖੇ 68ਵੀਆਂ ਸੂਬਾ ਪੱਧਰੀ ਖੇਡਾਂ ਬਾਕਸਿੰਗ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਸ਼ਿਵ ਪਾਲ ਗੋਇਲ ਅਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਸਿਕੰਦਰ ਸਿੰਘ ਬਰਾੜ ਦੀ ਅਗਵਾਈ ਵਿੱਚ ਸਫਲਤਾ ਪੂਰਵਕ ਚੱਲ ਰਹੀਆਂ ਹਨ। ਜੇਤੂ ਖਿਡਾਰੀਆਂ ਨੂੰ ਇਨਾਮ ਵੰਡਣ ਦੀ ਰਸਮ ਪ੍ਰਿੰਸੀਪਲ ਅਮਨਪ੍ਰੀਤ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਹੀਨੰਗਲ ਅਤੇ ਪ੍ਰਿੰਸੀਪਲ ਬਿਕਰਮਜੀਤ ਸਿੰਘ ਸਿੱਧੂ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਤਲਵੰਡੀ ਸਾਬੋ ਵਲੋਂ ਕੀਤੀ ਗਈ। ਅੱਜ ਹੋਏ ਮੁਕਾਬਲਿਆਂ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਜਸਵੀਰ ਸਿੰਘ ਗਿੱਲ ਨੇ ਦੱਸਿਆ ਕਿ ਅੰਡਰ-17 ਮੁੰਡੇ 46 ਕਿਲੋ ਤੋਂ ਘੱਟ ਭਾਰ ਵਿੱਚ ਸਿਧਾਰਥ ਮਸਤੂਆਣਾ ਨੇ ਪਹਿਲਾ ਸ਼ੁਭਵੀਰ ਸ੍ਰੀ ਅੰਮ੍ਰਿਤਸਰ ਸਾਹਿਬ ਨੇ ਦੂਜਾ, 46 ਤੋਂ 48 ਕਿਲੋ ਵਿੱਚ ਇੰਦਰਪ੍ਰੀਤ ਸ੍ਰੀ ਫਤਿਹਗੜ੍ਹ ਸਾਹਿਬ ਨੇ ਪਹਿਲਾ ਚਿਰਾਗ ਮੋਹਾਲੀ ਵਿੰਗ ਨੇ ਦੂਜਾ, 48 ਤੋਂ 50 ਕਿਲੋ ਵਿੱਚ ਸਾਹਿਲ ਬਰਨਾਲਾ ਨੇ ਪਹਿਲਾ, ਸ਼ਿਵਮ ਪਟਿਆਲਾ ਵਿੰਗ ਨੇ ਦੂਜਾ, 50 ਤੋਂ 52 ਕਿਲੋ ਵਿੱਚ ਰਜਕ ਜਲੰਧਰ ਵਿੰਗ ਨੇ ਪਹਿਲਾ, ਸੁਖਪ੍ਰੀਤ ਬਠਿੰਡਾ ਨੇ ਦੂਜਾ, 52 ਤੋਂ 54 ਕਿਲੋ ਵਿੱਚ ਅਰਸ਼ਪ੍ਰੀਤ ਮਸਤੂਆਣਾ ਨੇ ਪਹਿਲਾ, ਅਨੁਰਾਗ ਮਲੇਰਕੋਟਲਾ ਨੇ ਦੂਜਾ, 54 ਤੋਂ 57 ਕਿਲੋ ਵਿੱਚ ਮੁਰਤਾਜ ਮਲੇਰਕੋਟਲਾ ਨੇ ਪਹਿਲਾ, ਸਾਹਿਲ ਸੰਗਰੂਰ ਨੇ ਦੂਜਾ, 57 ਤੋਂ 60 ਕਿਲੋ ਵਿੱਚ ਮਨਵੀਰ ਪਟਿਆਲਾ ਨੇ ਪਹਿਲਾ, ਸਾਹਿਲ ਬਠਿੰਡਾ ਨੇ ਦੂਜਾ, 60 ਤੋਂ 63 ਕਿਲੋ ਵਿੱਚ ਇਸ਼ਿਵੰਦਰ ਮੋਹਾਲੀ ਨੇ ਪਹਿਲਾ, ਅਰਮਾਨ ਪਟਿਆਲਾ ਵਿੰਗ ਨੇ ਦੂਜਾ, 63 ਤੋਂ 66 ਕਿਲੋ ਵਿੱਚ ਰਾਹੁਲ ਮਸਤੂਆਣਾ ਨੇ ਪਹਿਲਾ, ਕਨਵਰਪ੍ਰਤਾਪ ਸਿੰਘ ਪਟਿਆਲਾ ਨੇ ਦੂਜਾ, 66 ਤੋਂ 70 ਕਿਲੋ ਵਿੱਚ ਸਵਰੂਪ ਸ੍ਰੀ ਅੰਮ੍ਰਿਤਸਰ ਸਹਿਬ ਨੇ ਪਹਿਲਾ, ਖੁਸ਼ਪ੍ਰੀਤ ਬਰਨਾਲਾ ਨੇ ਦੂਜਾ, 70 ਤੋਂ 75 ਕਿਲੋ ਵਿੱਚ ਅਸ਼ੀਸ਼ ਸੰਗਰੂਰ ਨੇ ਪਹਿਲਾ, ਰਣਵੀਰ ਰਾਏ ਫਿਰੋਜ਼ਪੁਰ ਨੇ ਦੂਜਾ, 75 ਤੋਂ 80 ਕਿਲੋ ਵਿੱਚ ਸ੍ਰੀਅੰਸ ਜਲੰਧਰ ਨੇ ਪਹਿਲਾ, ਸੁਖਪ੍ਰੀਤ ਮੋਹਾਲੀ ਨੇ ਦੂਜਾ, 80 ਕਿਲੋ ਤੋਂ ਵੱਧ ਭਾਰ ਵਿੱਚ ਹਰਸ਼ਜੋਤ ਸੰਗਰੂਰ ਨੇ ਪਹਿਲਾ, ਯਮਨਵੀਰ ਮਲੇਰਕੋਟਲਾ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਅੰਡਰ-14 ਮੁੰਡੇ 28 ਤੋਂ 30 ਕਿਲੋ ਵਿੱਚ ਨਿਤਿਨ ਸ੍ਰੀ ਫ਼ਤਹਿਗੜ੍ਹ ਸਾਹਿਬ ਨੇ ਯੁਵਰਾਜ ਪਠਾਨਕੋਟ ਨੂੰ, 30 ਤੋਂ 32 ਕਿਲੋ ਵਿੱਚ ਮਨਿੰਦਰ ਗੁਰਦਾਸਪੁਰ ਨੇ ਸਮਰਵੀਰ ਪਠਾਨਕੋਟ ਨੂੰ, 32 ਤੋਂ 34 ਕਿਲੋ ਵਿੱਚ ਲੱਕੀ ਜਲੰਧਰ ਨੇ ਦਿਲਜੀਤ ਲੁਧਿਆਣਾ ਨੂੰ, ਪ੍ਰਭਜੋਤ ਸੰਗਰੂਰ ਨੇ ਕਰਨ ਕਪੂਰਥਲਾ ਨੂੰ, ਨਿਕਿਤ ਸ੍ਰੀ ਫ਼ਤਹਿਗੜ੍ਹ ਸਾਹਿਬ ਨੇ ਜਸ਼ਨ ਫਾਜ਼ਿਲਕਾ ਨੂੰ, 36 ਤੋਂ 38 ਕਿਲੋ ਵਿੱਚ ਲਕਸ਼ ਪਟਿਆਲਾ ਨੇ ਮਾਨਵ ਬਠਿੰਡਾ ਨੂੰ, 38 ਤੋਂ 40 ਕਿਲੋ ਵਿੱਚ ਤਨਵੀਰ ਫਾਜ਼ਿਲਕਾ ਇੰਦਰਪ੍ਰੀਤ ਮੋਗਾ ਨੂੰ, ਰਾਜਵੀਰ ਲੁਧਿਆਣਾ ਨੇ ਕਰਨਵੀਰ ਸੰਗਰੂਰ ਨੂੰ, ਬਿਕਰਮ ਮੁਕਤਸਰ ਨੇ ਗੁਰਵਿੰਦਰ ਮਲੇਰਕੋਟਲਾ ਨੂੰ, 44 ਤੋਂ 46 ਕਿਲੋ ਵਿੱਚ ਹਰਜੋਤ ਤਰਨਤਾਰਨ ਨੇ ਉਪਿੰਦਰਜੀਤ ਸੰਗਰੂਰ ਨੂੰ, 48 ਤੋਂ 50 ਕਿਲੋ ਵਿੱਚ ਦਿਲਪ੍ਰੀਤ ਬਠਿੰਡਾ ਨੇ ਜਸਪ੍ਰਤਾਪ ਮਾਨਸਾ ਨੂੰ ਹਰਾਇਆ। ਓਵਰ ਆਲ ਅੰਡਰ 19 ਮੁੰਡੇ ਵਿੱਚ ਸ੍ਰੀ ਅੰਮ੍ਰਿਤਸਰ ਸਾਹਿਬ ਨੇ ਪਹਿਲਾ, ਮਸਤੂਆਣਾ ਨੇ ਦੂਜਾ, ਜਲੰਧਰ ਵਿੰਗ ਨੇ ਤੀਜਾ, ਅੰਡਰ 17 ਮੁੰਡੇ ਵਿੱਚ ਸੰਗਰੂਰ ਨੇ ਪਹਿਲਾ, ਮਲੇਰਕੋਟਲਾ ਨੇ ਦੂਜਾ ਅਤੇ ਮਸਤੂਆਣਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਗੁਰਸ਼ਰਨ ਸਿੰਘ ਕਨਵੀਨਰ ਅਤੇ ਹਰਦੀਪ ਸਿੰਘ ਬਾਕਸਿੰਗ ਕੋਚ ਹਾਜ਼ਰ ਸਨ।

### ਕਿਸਾਨਾਂ ਦੀ ਖੱਜਲ ਖੁਆਰੀ ਨੇ

# ਤੋੜਿਆ 40 ਸਾਲਾਂ ਦਾ ਰਿਕਾਰਡ : ਨੰਬਰਦਾਰ ਹਰਜੀਤ ਸਿੰਘ



ਇਹਨਾਂ ਗੱਲਾਂ ਦੀ ਜਾਣਕਾਰੀ ਦਿੰਦੇ ਹੋਏ ਨੰਬਰਦਾਰ ਹਰਜੀਤ ਸਿੰਘ ਬਲਬੇੜਾ ਨੇ ਦੱਸਿਆ ਕਿਸਾਨਾਂ ਦੀ ਇੰਨੀ ਵੱਡੇ ਪੱਧਰ ਤੇ ਖੱਜਲ ਖੁਆਰੀ ਨੇ 40 ਸਾਲਾਂ ਦਾ ਰਿਕਾਰਡ ਤੋੜ ਦਿੱਤਾ ਹੈ। ਇਸ ਤਰ੍ਹਾਂ ਦੀ ਖੱਜਲ ਖੁਆਰੀ ਕਿਸਾਨਾਂ ਨਾਲ ਅੱਜ ਤੋਂ 40 ਸਾਲ ਪਹਿਲਾਂ ਹੋਇਆ ਕਰਦੀ ਸੀ। ਹਰਜੀਤ ਸਿੰਘ ਨੰਬਰਦਾਰ ਨੇ ਅੱਗੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਝੋਨੇ ਦੀ ਖਰੀਦ ਨਾ ਹੋਣ ਕਾਰਨ ਮੰਡੀਆਂ ਦੇ ਵਿੱਚ ਵੱਡੇ ਵੱਡੇ ਢੇਰ ਲੱਗੇ ਪਏ ਹਨ। ਕਈ ਕਈ ਦਿਨਾਂ ਤੋਂ ਝੋਨੇ ਦੀ ਖਰੀਦ ਨਾ ਹੋਣ ਕਾਰਨ ਕਿਸਾਨ ਮੰਡੀ ਵਿੱਚ ਰੁਲਣ ਨੂੰ ਮਜਬੂਰ ਹੋ ਰਹੇ ਹਨ। ਹਰਜੀਤ ਸਿੰਘ ਨੰਬਰਦਾਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸੈਲਰਾਂ ਵਿੱਚ ਸਪੇਸ ਨਾ ਹੋਣ ਕਾਰਨ ਇਸ ਤਰ੍ਹਾਂ ਦੇ ਹਾਲਾਤ ਬਣ ਰਹੇ ਹਨ। ਜਿਸ ਦੀ ਜਿੰਮੇਵਾਰ ਸਿੱਧੇ ਤੌਰ ਤੇ ਪੰਜਾਬ ਸਰਕਾਰ ਹੈ ਕਿਉਂਕਿ ਸਰਕਾਰ ਨੇ ਸਮੇਂ ਸਿਰ ਸੈਲਰਾਂ ਵਿੱਚ ਸਪੇਸ ਖਾਲੀ ਨਹੀਂ ਕਰਵਾਈ। ਦੂਜੇ ਪਾਸੇ ਕਣਕ ਬੀਜਣ ਲਈ ਡੀਏਪੀ ਰੇਹ ਦਾ ਕਾਲ ਪਿਆ ਹੋਇਆ ਹੈ। ਪੰਜਾਬ ਸਰਕਾਰ ਦੇ ਵੱਡੇ ਵੱਡੇ ਵਾਅਦੇ ਕਿਸਾਨਾਂ ਨੂੰ ਲੈ ਕੇ ਅੱਜ ਖੋਖਲੇ ਨਜ਼ਰ ਆ ਰਹੇ ਹਨ।

**-ਪਰਗਟ ਸਿੰਘ ਬਲਬੇੜਾ**
**9022000070**

# ਪੰਜਾਬ ਸਰਕਾਰ ਕੇਂਦਰ ਦੀ ਤਰਜ਼ ਤੇ 53 ਪ੍ਰਤੀਸ਼ਤ ਡੀ.ਏ. ਤੁਰੰਤ ਜਾਰੀ ਕਰੇ ਡੈਮੋਕ੍ਰੇਟਿਕ ਟੀਚਰਜ਼ ਫਰੰਟ





**ਗੁਰੂਸਰ ਸੁਧਾਰ, (ਗੁਰਜੰਟ ਸਿੰਘ ਖਾਲਸਾ)**-ਪੰਜਾਬ ਦੀ ਆਪ ਸਰਕਾਰ ਵੱਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਵਾਜਿਬ ਅਤੇ ਹੱਕੀ ਮੰਗਾਂ ਪ੍ਰਤੀ ਵੱਟੀ ਘੇਸਲ ਕਾਰਨ ਮੁਲਾਜ਼ਮ ਵਰਗ ਵਿੱਚ ਦਿਨ- ਬ- ਦਿਨ ਰੋਸ ਫ਼ੈਲ ਰਿਹਾ ਹੈ। ਅਧਿਆਪਕ ਜੱਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਦਿੱਗਵਿਜੇ ਪਾਲ ਸ਼ਰਮਾ, ਸੂਬਾ ਸਕੱਤਰ ਬਲਬੀਰ ਲੌਂਗੋਵਾਲ, ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਦਲਜੀਤ ਸਿੰਘ ਸਮਰਾਲਾ ਅਤੇ ਜਨਰਲ ਸਕੱਤਰ ਹਰਜੀਤ ਸਿੰਘ ਸੁਧਾਰ ਨੇ ਕਿਹਾ ਕਿ ਪੂਰੇ ਭਾਰਤ ਵਿੱਚ ਤਸੱਲੀਬਖ਼ਸ਼ ਪ੍ਰਤੀ ਵਿਅਕਤੀ ਆਮਦਨ ਰੱਖਣ ਵਾਲੇ ਸੂਬੇ ਦੇ ਮੁਲਾਜ਼ਮਾਂ ਨੂੰ ਕੇਂਦਰ ਨਾਲੋਂ 15% ਘੱਟ ਡੀ.ਏ. ਦਿਤਾ ਜਾ ਰਿਹਾ ਹੈ। ਜਿਸ ਕਾਰਨ ਪੰਜਾਬ ਦਾ ਮੁਲਾਜ਼ਮ ਆਪਣੇ ਗੁਆਂਢੀ ਸੂਬਿਆਂ ਹਿਮਾਚਲ ਪ੍ਰਦੇਸ਼, ਹਰਿਆਣਾ ਨਾਲੋਂ ਘੱਟ ਤਨਖਾਹ ਲੈਣ ਲਈ ਮਜਬੂਰ ਹੋ ਗਿਆ ਹੈ। ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਦਵਿੰਦਰ ਸਿੰਘ ਮੀਤ ਪ੍ਰਧਾਨ ਗੁਰਦੀਪ ਸਿੰਘ ਹੇਰਾਂ ਜਥੇਬੰਦਕ ਸਕੱਤਰ ਗੁਰਪ੍ਰੀਤ ਖੰਨਾ ਵਿੱਤ ਸਕੱਤਰ ਗੁਰਬਚਨ ਖੰਨਾ ਅਤੇ ਪ੍ਰੈੱਸ ਸਕੱਤਰ ਹੁਸ਼ਿਆਰ ਸਿੰਘ ਮਾਛੀਵਾੜਾ ਨੇ ਕਿਹਾ ਆਪ ਸਰਕਾਰ ਵੱਲੋਂ ਗੱਲੀਬਾਤੀਂ ਸੂਬੇ ਦੇ ਮੁਲਾਜ਼ਮਾਂ ਨੂੰ ਦਿਵਾਲੀ ਤੋਹਫ਼ੇ ਵੰਡੇ ਗਏ ਹਨ। ਉਨ੍ਹਾਂ ਕਿਹਾ ਕਿ ਪੇਂਡੂ ਭੱਤੇ ਸਮੇਤ 36 ਤਰ੍ਹਾਂ ਦੇ ਭੱਤਿਆਂ ਦੀ ਕਟੌਤੀ ਕਰਨ ਵਾਲੀ ਆਪ ਸਰਕਾਰ ਦਾ ਮੁਲਾਜ਼ਮ ਵਿਰੋਧੀ ਚਿਹਰਾ ਜੱਗ ਜ਼ਾਹਰ ਹੋ ਚੁੱਕਾ ਹੈ। ਉਨ੍ਹਾਂ ਕਿਹਾ ਕਿ ਮੰਤਰੀਆਂ ਵਿਧਾਇਕਾਂ ਦੇ ਤਨਖਾਹ ਵਾਧੇ ਹੱਥ ਖੜ੍ਹੇ ਕਰਾ ਕੇ ਪਾਸ ਕਰ ਦਿੱਤੇ ਜਾਂਦੇ ਹਨ। ਇਸ ਦੇ ਉਲਟ ਮੁਲਾਜ਼ਮਾਂ ਨੂੰ ਕਮਿਸ਼ਨ ਬਿਠਾਉਣ ਸਿਫਾਰਸ਼ਾਂ ਕਰਨ ਅਤੇ ਇਨ੍ਹਾਂ ਨੂੰ ਲਾਗੂ ਕਰਨ ਦੇ ਲੰਬੇ ਗੇੜ ਵਿੱਚੋਂ ਗੁਜ਼ਰਨਾਂ ਪੈਂਦਾ ਹੈ। ਉਨ੍ਹਾਂ ਜ਼ੋਰਦਾਰ ਮੰਗ ਕਰਦਿਆਂ ਕਿਹਾ ਕਿ ਪੰਜਾਬ ਦੇ ਮੁਲਾਜ਼ਮਾਂ ਅਤੇ ਅਧਿਆਪਕਾਂ ਨੂੰ 53% ਡੀ.ਏ. ਨਾਲ ਤਨਖਾਹ ਜਾਰੀ ਕੀਤੀ ਜਾਵੇ। ਜੁਲਾਈ 2020ਤੋਂ ਬਾਅਦ ਭਰਤੀ ਕੀਤੇ ਗਏ ਮੁਲਾਜ਼ਮਾਂ ਨੂੰ ਪੰਜਾਬ ਸਰਕਾਰ ਵੱਲੋਂ ਜਾਰੀ ਤਨਖਾਹ ਕਮਿਸ਼ਨ ਅਨੁਸਾਰ ਤਨਖਾਹਾਂ ਜਾਰੀ ਕੀਤੀਆਂ ਜਾਣ।

# ਪਰਦੂਸ਼ਿਤ ਰਹਿਤ ਗਰੀਨ ਦੀਵਾਲੀ ਮਨਾਈ ਜਾਵੇ : ਹਰਜਿੰਦਰ ਸਿੰਘ ਜਲਾਲ ਉਸਮਾ



**ਚੌਕ ਮਹਿਤਾ, 29 ਅਕਤੂਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਸਾਨੂੰ ਸਾਰਿਆਂ ਨੂੰ ਪਰਦੂਸ਼ਿਤ ਰਹਿਤ ਗਰੀਨ ਦੀਵਾਲੀ ਦਾ ਤਿਉਹਾਰ ਮਨਾਉਣਾ ਚਾਹੀਦਾ ਹੈ, ਸਰਕਾਰ ਦੁਆਰਾ ਮਾਨਤਾ ਪ੍ਰਾਪਤ ਪਟਾਕਿਆ ਦੀ ਵਰਤੋਂ ਕਰਨੀ ਚਾਹੀਦੀ ਹੈ, ਸਾਨੂੰ ਜਿਆਦਾ ਵੱਡੇ ਤੇ ਖਤਰਨਾਕ ਪਟਾਕਿਆ ਦੀ ਵਰਤੋਂ ਨਹੀਂ ਕਰਨੀ ਚਾਹੀਦੀ, ਆਪਣੇ ਬੱਚਿਆਂ ਨੂੰ ਸੁਝਾਅ ਦਿੱਤਾ ਜਾਵੇ, ਬਹੁਤ ਘੱਟ ਤੋਂ ਘੱਟ ਪਟਾਕਿਆ ਦੀ ਵਰਤੋਂ ਕੀਤੀ ਜਾਵੇ, ਖਤਰਨਾਕ ਪਟਾਕਿਆ ਨਾਲ ਜਹਿਰਲਾ ਧੂੰਆਂ ਫੈਲਦਾ ਹੈ ਜੋ ਕਿ ਹਵਾ ਜਹਿਰਲੀ ਹੁੰਦੀ ਹੈ, ਉੱਥੇ ਹੀ ਘਾਹ ਫੂਸ, ਫਲ, ਦੇ ਬੂਟੇ ਅਤੇ ਵੱਡੇ ਦਰੱਖਤਾਂ ਨੂੰ ਨੁਕਸਾਨ ਪਹੁੰਚਦਾ ਹੈ, ਇਸ ਤੋਂ ਇਲਾਵਾ ਛੋਟੇ ਜੀਵ ਜੰਤੂਆਂ ਦੀ ਵੀ ਮੌਤ ਹੁੰਦੀ ਹੈ, ਇੰਨਾ ਸਬਦਾਂ ਦਾ ਪ੍ਰਗਟਾਵਾ ਹਰਜਿੰਦਰ ਸਿੰਘ ਜਲਾਲ ਉਸਮਾ ਜਿਲਾ ਅੰਮਿਤਸਰ ਐਕਸਾਈਜ਼ ਐਂਡ ਟੈਕਸੇਸ਼ਨ ਸਲਾਹਕਾਰ ਕਮੇਟੀ ਦੇ ਮੈਂਬਰ ਪੰਜਾਬ ਸਰਕਾਰ ਜਿਲਾ ਵਾਈਸ ਪ੍ਰਧਾਨ ਵਪਾਰ ਮੰਡਲ ਵਿੰਗ ਅੰਮਿਤਸਰ ਅਤੇ ਪੀ ਏ ਸ੍ਰੀ ਵਿਨੀਤ ਵਰਮਾ ਨੇ ਪੱਤਰਕਾਰਾਂ ਨਾਲ ਸਾਂਝੇ ਕੀਤੇ, ਉਨ੍ਹਾਂ ਨੇ ਦੱਸਿਆ ਕਿ ਸਵੱਛ ਭਾਰਤ ਮੁਹਿੰਮ ਅਧੀਨ ਆਰਥਿਕ ਤੌਰ ਤੇ ਲਾਭ ਹੋਵੇਗਾ, ਉੱਥੇ ਵਾਤਾਵਰਣ ਦੀ ਸੁੱਧਤਾ ਧਰਤੀ, ਹਵਾ ਅਤੇ ਮਨੁੱਖੀ ਜ਼ਿੰਦਗੀ ਨੂੰ ਤੰਦਰੁਸਤ ਰੱਖਣ ਵਿੱਚ ਵੀ ਇਹ ਸਹਾਈ ਸਿੱਧ ਹੋਵੇਗਾ, ਇਸ ਮੌਕੇ ਤੇ ਜਲਾਲ ਉਸਮਾ ਨੇ ਕਿਹਾ ਕਿ ਗਰੀਨ ਦੀਵਾਲੀ ਮਨਾਉਣ ਦੇ ਨਾਲ ਨਾਲ ਫਾਸਟ ਫੂਡ, ਤਲੀਆਂ ਚੀਜ਼ਾਂ, ਬਜਾਰਾਂ ਦਾ ਖਾਣਾ ਅਤੇ ਜਿਆਦਾ ਮਿੱਠਾ ਖਾਣ ਤੋਂ ਪ੍ਰਹੇਜ ਕਰਕੇ ਘਰ ਦਾ ਬਣਿਆ ਸਾਦਾ ਖਾਣਾ ਅਤੇ ਫ਼ਲਹਾਰ ਕਰਨਾ ਚਾਹੀਦਾ ਹੈ, ਤਾਂ ਜੋ ਤੰਦਰੁਸਤ ਰਹਿ ਕੇ ਵਧੀਆ ਜਿੰਦਗੀ ਬਤੀਤ ਕੀਤੀ ਜਾ ਸਕੇ, ਇਸ ਮੌਕੇ ਤੇ ਹਲਕਾ ਜੰਡਿਆਲਾ ਗੁਰੂ ਦੇ ਸੀਨੀਅਰ ਲੀਡਰ ਆਮ ਆਦਮੀ ਪਾਰਟੀ ਦੇ ਠੇਕੇਦਾਰ ਲਖਵਿੰਦਰ ਸਿੰਘ ਰੰਧਾਵਾ ਸਰਪੰਚ ਜਲਾਲ ਉਸਮਾ, ਜਗਜੀਤ ਸਿੰਘ ਉਸਮਾ ਯੂਥ ਆਗੂ, ਬੂਟਾ ਸਿੰਘ ਜਲਾਲ ਉਸਮਾ, ਅਮਰ ਰਾਵਤ, ਸੁੱਖ ਮਹਿਸਮਪੁਰ, ਆਦਿ ਆਗੂ ਹਾਜ਼ਰ ਸਨ।

# ਨਿਸ਼ਕਾਮ ਸੇਵਾ ਪਬਲਿਕ ਸਕੂਲ ’ਚ ਬੱਚਿਆਂ ਨਾਲ ਚੈਰਿਟੀ ਫੈਸਟੀਵਲ ਦੇ ਤਹਿਤ ਮਨਾਈ ਦੀਵਾਲੀ



**ਚੌਕ ਮਹਿਤਾ, 29 ਅਕਤੂਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਦਾਨ ਉਤਸਵ ਦੇ ਤਹਿਤ ਨਿਸ਼ਕਾਮ ਸੇਵਾ ਪਬਲਿਕ ਸਕੂਲ ਵਿਖੇ ਰਾਸ਼ਟਰਪਤੀ ਐਵਾਰਡ ਪ੍ਰਾਪਤ ਡਾ: ਸਵਰਾਜ ਗਰੋਵਰ ਅਤੇ ਪ੍ਰਿੰਸੀਪਲ ਸ੍ਰੀ ਸਰਦਾਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ’ਤੇ ਨਿਸ਼ਕਾਮ ਸੇਵਾ ਪਬਲਿਕ ਸਕੂਲ ਵਿਖੇ ਦਾਨ ਉਤਸਵ ਤਹਿਤ ਪਛੜੇ ਬੱਚਿਆਂ ਨਾਲ ਦੀਵਾਲੀ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ, ਜਿਸ ਵਿੱਚ ਵਿਸ਼ੇਸ਼ ਮਹਿਮਾਨ ਦੀ ਭੂਮਿਕਾ ਸਮਾਜ ਸੇਵੀ ਸ੍ਰੀਮਤੀ ਡਾਲੀ ਭਾਟੀਆ ਅਤੇ ਸਮਾਜ ਸੇਵੀ ਰਾਸ਼ਟਰੀ ਗਾਇਕ ਗੁਰਪ੍ਰੀਤ ਸਿੰਘ ਨੇ ਨਿਭਾਈ। ਸਾਰੇ ਮਹਿਮਾਨਾਂ ਨੇ ਬੱਚਿਆਂ ਨੂੰ ਕੱਪੜੇ, ਫਲ ਆਦਿ ਵੰਡੇ। ਸ਼੍ਰੀਮਤੀ ਡੌਲੀ ਭਾਟੀਆ ਨੇ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਮਰਿਯਾਦਾ ਪੁਰਸ਼ੋਤਮ ਸ਼੍ਰੀ ਰਾਮ ਦੇ ਆਦਰਸ਼ਾਂ ਨੂੰ ਧਾਰਨ ਕਰਕੇ ਹੀ ਜੀਵਨ ਸਫਲ ਹੋ ਸਕਦਾ ਹੈ ਪੁਰਾਤਨ ਗੁਰੂ-ਚੇਲਾ ਪਰੰਪਰਾ ਦੀ ਪਾਲਣਾ ਕਰਕੇ ਜੀਵਨ ਸਫਲ ਕਰਨ ਦੀ ਗੱਲ ਕਹੀ। ਸਰਦਾਰ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਸਾਡੇ ਆਗੂ ਸ਼ਾਸਤਰੀ ਜੀ, ਰਜਿੰਦਰ ਪ੍ਰਸਾਦ ਨੇ ਗਰੀਬ ਹੋਣ ਦੇ ਬਾਵਜੂਦ ਬੁਲੰਦੀਆਂ ਹਾਸਲ ਕੀਤੀਆਂ ਇਸ ਲਈ ਗੁਰੂਆਂ ਦਾ ਸਤਿਕਾਰ ਕਰਨਾ ਜ਼ਰੂਰੀ ਹੈ ਪ੍ਰਿੰਸੀਪਲ ਮੈਡਮ ਨੇ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ। ਸਾਰੇ ਬੱਚਿਆਂ ਨੇ ਸੱਚ ਦੇ ਮਾਰਗ ’ਤੇ ਚੱਲਣ ਦਾ ਫੈਸਲਾ ਲਿਆ।

# ਸੰਤ ਸਮਾਜ ਮਾਝਾ ਵੱਲੋਂ ਸ੍ਰ: ਹਰਜਿੰਦਰ ਸਿੰਘ ਧਾਮੀ ਨੂੰ ਚੌਥੀ ਵਾਰ ਪ੍ਰਧਾਨ ਬਨਣ 'ਤੇ ਵਧਾਈਆਂ




ਚੌਕ ਮਹਿਤਾ, 29 ਅਕਤੂਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)-ਮਾਝੇ ਇਲਾਕੇ ਦੇ ਸਮੂਹ ਸੰਤ ਸਮਾਜ ਨੇ ਐਡਵੋਕੇਟ ਸ੍ਰ ਹਰਜਿੰਦਰ ਸਿੰਘ ਜੀ ਧਾਮੀ ਨੂੰ ਸਿੱਖਾਂ ਦੀ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਲਗਾਤਾਰ ਚੌਥੀ ਵਾਰ ਪ੍ਰਧਾਨ ਬਨਣ ਦੀਆਂ ਵਧਾਈਆਂ ਦਿਤੀਆਂ ਤੇ ਕਿਹਾ ਕਿ ਸਰਦਾਰ ਧਾਮੀ ਜਿੱਥੇ ਸਾਦਾ ਰਹਿਣੀ ਬਹਿਣੀ ਦੇ ਧਾਰਣੀ ਹਨ ਉਥੇ ਇੱਕ ਕੁਸ਼ਲ ਪ੍ਰਬੰਧਕ ਵੀ ਹਨ ਜੋ ਲੰਮੇ ਸਮੇਂ ਤੋਂ ਸਿੱਖ ਪੰਥ ਲਈ ਸੇਵਾਵਾਂ ਨਿਭਾ ਰਹੇ ਹਨ। ਉਨ੍ਹਾਂ ਆਸ ਪ੍ਰਗਟਾਈ ਕਿ ਸ਼੍ਰੋਮਣੀ ਕਮੇਟੀ ਦੀ ਨਵੀਂ ਕਾਰਜਕਾਰਨੀ ਟੀਮ ਸ੍ਰ: ਹਰਜਿੰਦਰ ਸਿੰਘ ਜੀ ਧਾਮੀ ਦੀ ਯੋਗ ਅਗਵਾਈ ਹੇਠ ਭਵਿੱਖ ਵਿੱਚ ਸਿੱਖ ਪੰਥ ਦੇ ਵਡੇਰੇ ਹਿੱਤਾਂ ਲਈ ਹੋਰ ਵੀ ਵੱਧ ਚੜ੍ਹਕੇ ਕੰਮ ਕਰੇਗੀ।

ਆਵਾਜ਼ਿ ਕੌਮ AWAZE QAUM International Newspaper & WEB TV

ਜਾਰੀ ਕਰਤਾ : ਬਾਬਾ ਸੁਖਵੰਤ ਸਿੰਘ ਚੰਨਣਕੇ ਚੌਕ ਮਹਿਤਾ

### ਸਕੂਲਾਂ ਦੇ ਸਫਾਈ ਕਰਮਚਾਰੀ ਅਤੇ ਚਪੜਾਸੀ ਮਾਪਿਆਂ ਨੂੰ ਦਿਵਾਲੀ ਦੇ ਮੇਲੇ ਲਈ ਘੇਰਨ ਲੱਗੇ

# ਮਾਪਿਆਂ ਵੱਲੋਂ ਮੇਲਾ ਨਾ ਦੇਣ ਤੇ ਬਦਸਲੂਕੀ ਤੇ ਉੱਤਰੇ ਕਰਮਚਾਰੀ

**ਅੰਮ੍ਰਿਤਸਰ, 29 ਅਕਤੂਬਰ (ਰਸ਼ਿੰਪਦਰ ਕੌਰ ਗਿੱਲ)**-2024 ਦੀ ਦਿਵਾਲੀ ਦੇ ਮੌਕੇ ਤੇ ਅੰਮ੍ਰਿਤਸਰ ਦੇ ਇੱਕ ਪ੍ਰਾਇਵੇਟ ਸਕੂਲ ਵਿੱਚ ਸਫਾਈ ਕਰਮਚਾਰੀ ਤੇ ਚਪੜਾਸੀ ਸਕੂਲ ਦੇ ਗੇਟਾਂ ਉੱਤੇ ਨਾਕੇ ਲਾ ਕੇ ਡੱਟ ਕੇ ਖੜ ਗਏ ਹਨ। ਸਕੂਲ ਦੀ ਛੁੱਟੀ ਦੇ ਸਮੇਂ ਆਪਣੇ ਬੱਚਿਆਂ ਨੂੰ ਲੈਣ ਆਏ ਮਾਪਿਆਂ ਕੋਲੋਂ ਉਹ ਦਿਵਾਲੀ ਮੰਗਦੇ ਹੋਏ ਦਿਖਾਈ ਦੇ ਰਹੇ ਹਨ। ਸਕੂਲ ਦੇ ਗੇਟ ਦੇ ਉੱਤੇ ਦੋ-ਦੋ ਸਕੂਲ ਦੇ ਕਰਮਚਾਰੀ ਤੈਨਾਤ ਕੀਤੇ ਗਏ ਹਨ ਅਤੇ ਆਂਦੇ-ਜਾਂਦੇ ਮਾਪਿਆਂ ਕੋਲੋਂ ਦਿਵਾਲੀ ਦਾ ਮੇਲਾ ਮੰਗ ਰਹੇ ਹਨ। ਜਿਹੜੇ ਮਾਪਿਆਂ ਨੇ ਦਿਵਾਲੀ ਦਾ ਮੇਲਾ ਦੇਣ ਤੋਂ ਇਨਕਾਰ ਕੀਤਾ, ਉਹਨਾਂ ਨਾਲ ਬਦਸਲੂਕੀ ਕਰਨ ਤੋਂ ਵੀ ਉਹ ਗੁਰੇਜ ਨਹੀਂ ਕਰਦੇ। ਇੱਥੇ ਧਿਆਨ ਦੇਣ ਯੋਗ ਗੱਲ ਇਹ ਹੈ ਕਿ ਇਹ ਸਾਰੇ ਕਰਮਚਾਰੀ ਸਕੂਲ ਤੋਂ ਤਨਖਾਹ ਵੀ ਲੈਂਦੇ ਹਨ ਅਤੇ ਦਿਵਾਲੀ ਦੇ ਮੌਕੇ ਤੇ ਸਕੂਲ ਵੱਲੋਂ ਸਾਰੇ ਆਪਣੇ ਕਰਮਚਾਰੀਆਂ ਨੂੰ ਮੇਲਾ ਵੀ ਦਿੱਤਾ ਜਾਂਦਾ ਜਰੂਰ ਹੋਵੇਗਾ। ਪਰ ਇਸਦੇ ਬਾਵਜੂਦ ਵੀ ਸਕੂਲ ਆਏ ਮਾਪਿਆਂ ਕੋਲੋਂ ਦਿਵਾਲੀ ਦਾ ਮੇਲਾ ਮੰਗਣਾ ਕਿੰਨਾ ਕੁ ਜਾਇਜ਼ ਹੈ ? ਸਕੂਲ ਵਿੱਚ ਕਿੰਨੇ ਬੱਚੇ ਪੜਦੇ ਹਨ ਤੇ ਹਰ ਬੱਚੇ ਦੇ ਮਾਪੇ ਕੋਲੋਂ ਮੇਲੇ ਦੇ ਨਾਮ ਤੇ ਇਹ ਕਰਮਚਾਰੀ ਕਿੰਨੇ ਪੈਸੇ ਇਕੱਠੇ ਕਰਦੇ ਹੋਣਗੇ। ਸਾਲ ਵਿੱਚ ਕਿੰਨੇ ਮੇਲੇ ਆਉਂਦੇ ਹਨ ? ਹਰ ਮੇਲੇ ਤੇ ਸਕੂਲ ਕਰਮਚਾਰੀਆਂ ਨੂੰ ਕਿੰਨੀ ਉਗਰਾਹੀ ਹੁੰਦੀ ਹੋਵੇਗੀ ? ਸਕੂਲ ਦੇ ਸਫਾਈ ਕਰਮਚਾਰੀ ਅਤੇ ਚਪੜਾਸੀ ਮੇਲਾ ਨਾ ਮਿਲਣ ਤੇ ਮਾਪਿਆਂ ਨਾਲ ਬਦਸਲੂਕੀ ਕਰਣ ਤੋਂ ਵੀ ਗੁਰੇਜ਼ ਨਹੀਂ ਕਰਦੇ ਬਲਕਿ ਮਾਪਿਆਂ ਨੂੰ ਸ਼ਰੇਆਮ ਉੱਚੀ-ਉੱਚੀ ਬੋਲ ਕੇ ਜਲੀਲ ਕਰਦੇ ਦੇਖੇ ਗਏ। ਸਕੂਲ ਵਿੱਚ ਮਾਪੇ ਆਪਣੇ ਬੱਚਿਆਂ ਨੂੰ ਸਦਾਚਾਰ ਸਿੱਖਣ ਲਈ ਭੇਜਦੇ ਹਨ ਉੱਥੇ ਹੀ ਸਕੂਲ ਦੇ ਸਫਾਈ ਕਰਮਚਾਰੀ ਅਤੇ ਚਪੜਾਸੀ ਸ਼ਰੇਆਮ ਮਾਪਿਆਂ ਨੂੰ ਗੇਟ ਤੇ ਖੜਾ ਕਰਕੇ ਬਦਸਲੂਕੀ ਕਰਦੇ ਹਨ। ਸਕੂਲ ਦੇ ਵਿੱਚ ਬੱਚਿਆਂ ਨੂੰ ਪੜਾਉਣ ਦੀ ਹਰ ਮਹੀਨੇ ਮਾਪਿਆਂ ਵੱਲੋਂ ਫੀਸ ਵੀ ਦਿੱਤੀ ਜਾਂਦੀ ਹੈ। ਸਕੂਲ ਵਿੱਚ ਕੰਮ ਕਰ ਰਹੇ ਹਰ ਕਰਮਚਾਰੀ ਨੂੰ ਸਕੂਲ ਮੈਨੇਜਮੈਂਟ ਹਰ ਮਹੀਨੇ ਤਨਖਾਹ ਵੀ ਦਿੰਦੀ ਹੈ। ਫਿਰ ਸਕੂਲ ਦੇ ਸਫਾਈ ਕਰਮਚਾਰੀ ਅਤੇ ਚਪੜਾਸੀਆਂ ਦੀ ਇਸ ਗੁੰਡਾਗਰਦੀ ਦਾ ਜਿੰਮੇਵਾਰ ਕੌਣ ਹੈ ? ਜਦੋਂ ਸਾਰੇ ਸਕੂਲ ਦਾ ਜ਼ਾਇਜ਼ਾ ਲਿਆ ਗਿਆ ਤਾਂ ਸਕੂਲ ਦੇ ਹਰ ਗੇਟ ਉੱਤੇ ਸਕੂਲ ਦੇ ਸਫਾਈ ਕਰਮਚਾਰੀ ਅਤੇ ਚਪੜਾਸੀ ਤੈਨਾਤ ਸਨ ਅਤੇ ਮਾਪਿਆਂ ਕੋਲੋਂ ਦਿਵਾਲੀ ਦਾ ਮੇਲਾ ਮੰਗ ਰਹੇ ਸਨ। ਕੁਝ ਮਾਪਿਆਂ ਨਾਲ ਇਹ ਸਫਾਈ ਕਰਮਚਾਰੀ ਮੇਲਾ ਨਾ ਮਿਲਣ ਤੇ ਉੱਚੀ-ਉੱਚੀ ਬੋਲ-ਬੁਲਾਰਾ ਕਰਦੇ ਵੀ ਦਿਖੇ। ਸਕੂਲ ਦੇ ਅਧਿਆਪਕਾਂ ਦੇ ਧਿਆਨ ਵਿੱਚ ਇਹ ਗੱਲ ਲਿਆ ਦਿੱਤੀ ਗਈ ਹੈ। ਹੁਣ ਸਕੂਲ ਆਪਣੇ ਕਰਮਚਾਰੀਆਂ ਦੀ ਇਸ ਗੁੰਡਾਗਰਦੀ ਨੂੰ ਠੱਲ ਪਾਉਂਦਾ ਹੈ ਜਾਂ ਨਹੀਂ ਇਹ ਦੇਖਣਾ ਹੈ।

### ਜੈਨੇਸਿਸ ਅਮਨਦੀਪ ਹਸਪਤਾਲ ਨੇ ਦੀਵਾਲੀ ਤੇ ਬਜ਼ੁਰਗਾਂ ਨੂੰ ਦਿੱਤੀ ਵਿਸ਼ੇਸ਼ ਸਹੂਲਤ

# ਵਿਸ਼ੇਸ਼ ਕਾਰਡ ਜਾਰੀ ਕਰਕੇ ਦਿੱਤੀ ਓ.ਪੀ.ਡੀ ਤੇ 50 ਫੀਸਦੀ ਦੀ ਛੋਟ




**ਫ਼ਿਰੋਜ਼ਪੁਰ, 29 ਅਕਤੂਬਰ (ਮਨੋਹਰ ਲਾਲ)** :— ਜੈਨੇਸਿਸ ਅਮਨਦੀਪ ਹਸਪਤਾਲ ਵੱਲੋਂ ਸੀਨੀਅਰ ਸਿਟੀਜ਼ਨ ਕੌਂਸਲ ਦੇ ਬੈਨਰ ਹੇਠ ਬਜ਼ੁਰਗਾਂ ਨਾਲ ਦੀਵਾਲੀ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਜੈਨੇਸਿਸ ਅਮਨਦੀਪ ਹਸਪਤਾਲ ਦੇ ਫੈਸਿਲਿਟੀ ਡਾਇਰੈਕਟਰ ਅਭਿਸ਼ੇਕ ਅਰੋੜਾ ਨੇ ਦੱਸਿਆ ਕਿ ਇਸ ਪ੍ਰੋਗਰਾਮ ਵਿਚ ਮੁੱਖ ਮਹਿਮਾਨ ਵਜੋਂ ਰਣਬੀਰ ਸਿੰਘ ਭੁੱਲਰ ਵਿਧਾਇਕ ਫ਼ਿਰੋਜ਼ਪੁਰ ਸ਼ਹਿਰੀ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਉਨ੍ਹਾਂ ਦੱਸਿਆ ਕਿ ਇਸ ਵਾਰ ਦੀਵਾਲੀ ਦਾ ਤਿਉਹਾਰ ਜੈਨੇਸਿਸ ਅਮਨਦੀਪ ਹਸਪਤਾਲ ਵਿਖੇ ਬਜ਼ੁਰਗਾਂ ਨਾਲ ਮਨਾਇਆ ਗਿਆ, ਜਿਸ ਵਿਚ ਵੱਡੀ ਗਿਣਤੀ ਵਿਚ ਬਜ਼ੁਰਗਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਸੀਨੀਅਰ ਕਲਾਕਾਰਾਂ ਵਰਿੰਦਰਾ ਸ਼ਰਮਾ, ਪ੍ਰੇਮਨਾਥ, ਸ਼ਿਵਦਰਸ਼ਨ ਕੁਮਾਰ, ਅਸ਼ੋਕ ਕੱਕੜ, ਹਰੀ ਚੰਦ ਚੋਪੜਾ, ਓਮ ਪ੍ਰਕਾਸ਼, ਗੁਲਸ਼ਨ ਧਵਨ ਨੇ ਬਹੁਤ ਹੀ ਸੁਰੀਲੀ ਆਵਾਜ਼ ਵਿੱਚ ਗੀਤ ਪੇਸ਼ ਕਰਕੇ ਸਾਰਿਆਂ ਦਾ ਦਿਲ ਜਿੱਤ ਲਿਆ। ਸਮਾਗਮ ਵਿੱਚ ਕੌਂਸਲ ਮੈਂਬਰ ਮੈਡਮ ਸ਼ਸ਼ੀ ਚੁੱਘ ਨੇ ਸਕਿੱਟ ਪੇਸ਼ ਕਰਕੇ ਸਾਰਿਆਂ ਨੂੰ ਆਪਣੇ ਬਜ਼ੁਰਗਾਂ ਦਾ ਸਤਿਕਾਰ ਕਰਨ ਦਾ ਸੁਨੇਹਾ ਦਿੱਤਾ। ਇਸ ਮੌਕੇ ਅਭਿਸ਼ੇਕ ਅਰੋੜਾ ਨੇ ਦੱਸਿਆ ਕਿ ਦੀਵਾਲੀ ਦੇ ਮੌਕੇ ਤੇ ਹਸਪਤਾਲ ਦਾ ਕਾਰਡ ਬਣਾ ਕੇ ਸੀਨੀਅਰ ਸਿਟੀਜ਼ਨ ਨੂੰ ਦਿੱਤਾ ਗਿਆ ਸੀ, ਜਿਸ ਚ ਉਸ ਕਾਰਡ ਨਾਲ ਓ.ਪੀ.ਡੀ ਚ 50 ਫੀਸਦੀ ਅਤੇ ਹੋਰ ਇਲਾਜ ਤੇ ਕੁਝ ਫੀਸਦੀ ਛੋਟ ਦਿੱਤੀ ਜਾਵੇਗੀ। ਇਸ ਮੌਕੇ ਡੀ.ਸੀ.ਬੀ ਬੈਂਕ ਦੇ ਮੈਨੇਜਰ ਮਨੀਸ਼ ਸ਼ਰਮਾ, ਕੌਂਸਲ ਪ੍ਰਧਾਨ ਪੀ.ਡੀ ਸ਼ਰਮਾ ਅਤੇ ਹੋਰ ਮੈਂਬਰ ਹਾਜ਼ਰ ਸਨ। ਅੰਤ ਵਿੱਚ ਉਨ੍ਹਾਂ ਨੂੰ ਦੀਵਾਲੀ ਦੀਆਂ ਸ਼ੁੱਭ ਕਾਮਨਾਵਾਂ ਦੇ ਕੇ ਸਨਮਾਨਿਤ ਕੀਤਾ ਗਿਆ।

# ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੇ ਸਾਰੇ ਮੈਂਬਰਾਂ ਦਾ ਫੈਸਲਾ ਸਿੱਰ ਮੱਥੇ ਪ੍ਰਵਾਨ ਕਰਦੇ ਹੋਏ ਹਾਰ ਕਬੂਲ ਕਰਦੇ ਹਾਂ



**ਇਲੈਕਸਨ** ਦੌਰਾਨ ਬੀਬੀ ਜਗੀਰ ਕੌਰ ਜੀ ਨੂੰ ਨੇੜਿਓ ਦੇਖਿਆ ਕਿ ਉਹ ਬਹੁੱਤ ਹੀ ਜੁਝਾਰੂ ਤੇ ਸਾਫ ਦਿਲ ਹਨ, ਮੂੰਹ ਤੇ ਸੱਚ ਬੋਲਣ ਵਾਲੇ ਹਨ ਜਿਸ ਕਰਕੇ ਕਈ ਵਾਰ ਨੁਕਸਾਨ ਵੀ ਹੋ ਜਾਦਾਂ ਹੈ ਅਤੇ ਜਿਹੜਾ ਮਿੱਠਾ ਹੋ ਕੇ ਕਹੇ ਤੁਸੀ ਬੇਫਿਕਰ ਰਹੋ ਤੇ ਹਰੇਕ ਤੇ ਭਰੋਸਾ ਕਰਨ ਵਾਲੇ ਹਨ। ਬੀਬੀ ਜੀ ਸਮੇਤ ਸਾਰੀ ਲੀਡਰਸਿੱਪ ਨੇ ਬਹੁੱਤ ਮਿਹਨਤ ਕੀਤੀ। ਜਿੱਥੇ ਹਰੇਕ ਇਲੈਕਸਨ ਵਿੱਚ ਇੱਕ ਧਿਰ ਦੀ ਹਾਰ ਤੇ ਇੱਕ ਦੀ ਜਿੱਤ ਹੋਣੀ ਹੁੰਦੀ ਹੈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਜੀ ਨੂੰ ਪ੍ਰਧਾਨ ਬਣਨ ਤੇ ਬਹੁੱਤ-ਬਹੁੱਤ ਵਧਾਈ। ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਸ਼ਕਤੀਆਂ ਘਟਾਉਣ ਲਈ 11 ਮੈਂਬਰੀ ਕਮੇਟੀ ਸਿਰਫ ਪ੍ਰਧਾਨ ਦੀ ਸਿਪਾਰਸ ਤੇ ਹੀ ਬਣਨੀ ਕੌਮ ਵਿਚ ਪ੍ਰਵਾਨ ਨਹੀ ਹੋਵੇਗੀ। ਇਸ ਤੋਂ ਇਲਾਵਾ ਵੱਡੇ ਕੰਮਾਂ ਵਿੱਚ ਜਿਵੇਂ ਜ਼ਮੀਨਾਂ ਦੀ ਆਮਦਨ ਵਿੱਚ ਵੱਡੀ ਚੋਰੀ, ਕੁਰੱਪਸਨ ਦਾ ਬੋਲਬਾਲਾ ਆਦਿ ਮੁੱਦਿਆਂ ਤੇ ਮਿਸਾਲੀ ਕੰਮ ਕਰਨ ਦੀ ਜ਼ਰੂਰਤ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉਚਤਾ ਬਹਾਲ ਕਰਨ ਅਤੇ ਜਥੇਦਾਰ ਸਹਿਬਾਨ ਬਾਰੇ ਵਿਧੀ ਵਿਧਾਨ ਬਣਾਉਣ ਯਤਨਸ਼ੀਲ ਰਹਾਂਗੇ। ਇਸ ਇਲੈਕਸਨ ਦੌਰਾਨ ਜਿਸ ਕਿਸਮ ਦੀ ਕੁੜੱਤਣ ਬਣੀ ਉਸ ਨਾਲ ਮਨ ਨੂੰ ਬੜੀ ਪੀੜਾ ਵਿੱਚੋਂ ਦੀ ਗੁਜਰਨਾਂ ਪਿਆ। ਜਿੱਥੇ ਵਿਰੋਧੀਆਂ ਦੇ ਸ਼ਬਦਾਂ ਅਤੇ ਮੁੱਲ ਵਾਲੀਆਂ ਟੀਮਾ ਦੇ ਕੂਮੈਂਟਾਂ ਕਰਕੇ ਮੇਰੇ ਮਨ ਨੂੰ ਠੇਸ ਪਹੁੰਚੀ ਹੈ ਉੱਥੇ ਜਾਹਿਰ ਹੈ ਕਿ ਮੇਰੇ ਵੱਲੋ ਵੀ ਬੋਲੇ ਤੇ ਲਿੱਖੇ ਸ਼ਬਦਾਂ ਕਰਕੇ ਵੀ ਬਹੁਤਿਆਂ ਦੇ ਮਨ ਨੂੰ ਠੇਸ ਪਹੁੰਚੀ ਹੋਵੇਗੀ। ਉਹਨਾਂ ਸਾਰੇ ਸੱਜਣਾਂ ਤੋਂ ਮੁਆਫ਼ੀ ਚਾਹੁੰਦਾ ਹਾਂ। ਸਾਰਿਆਂ ਦੇ ਚੰਗੇ ਭਵਿੱਖ ਦੀ ਕਾਮਨਾ ਕਰਦਾ ਹੋਇਆ। ਤੁਹਾਡਾ ਆਪਣਾਂ

**ਚਰਨਜੀਤ ਸਿੰਘ ਬਰਾੜ**
**ਮੈਂਬਰ ਸਕੱਤਰ ਤੇ ਮੁੱਖ ਬੁਲਾਰਾ**
**ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ।**

# ਡਾ. ਵਿਜੇ ਸਤਬੀਰ ਸਿੰਘ ਵੱਲੋਂ ਸ੍ਰ: ਹਰਜਿੰਦਰ ਸਿੰਘ ਧਾਮੀ ਨੂੰ ਚੌਥੀ ਵਾਰ ਪ੍ਰਧਾਨ ਬਨਣ 'ਤੇ ਵਧਾਈਆਂ



**ਚੌਕ ਮਹਿਤਾ, 29 ਅਕਤੂਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**- ਗੁਰਦੁਆਰਾ ਬੋਰਡ ਤਖਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਨਾਂਦੇੜ ਦੇ ਮੁੱਖ ਪ੍ਰਬੰਧਕ ਡਾ. ਵਿਜੇ ਸਤਬੀਰ ਸਿੰਘ ਸਾਬਕਾ ਆਈ.ਏ.ਐਸ. ਨੇ ਐਡਵੋਕੇਟ ਸ੍ਰ ਹਰਜਿੰਦਰ ਸਿੰਘ ਜੀ ਧਾਮੀ ਨੂੰ ਸਿੱਖਾਂ ਦੀ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਲਗਾਤਾਰ ਚੌਥੀ ਵਾਰ ਪ੍ਰਧਾਨ ਬਨਣ ਦੀਆਂ ਵਧਾਈਆਂ ਦਿਤੀਆਂ ਤੇ ਕਿਹਾ ਕਿ ਸਰਦਾਰ ਧਾਮੀ ਜਿੱਥੇ ਸਾਦਾ ਰਹਿਣੀ ਬਹਿਣੀ ਦੇ ਧਾਰਣੀ ਹਨ ਉਥੇ ਇੱਕ ਕੁਸ਼ਲ ਪ੍ਰਬੰਧਕ ਵੀ ਹਨ ਜੋ ਲੰਮੇ ਸਮੇਂ ਤੋਂ ਸਿੱਖ ਪੰਥ ਲਈ ਸੇਵਾਵਾਂ ਨਿਭਾ ਰਹੇ ਹਨ। ਉਨ੍ਹਾਂ ਆਸ ਪ੍ਰਗਟਾਈ ਕਿ ਸ਼੍ਰੋਮਣੀ ਕਮੇਟੀ ਦੀ ਨਵੀਂ ਕਾਰਜਕਾਰਨੀ ਟੀਮ ਸ੍ਰ: ਹਰਜਿੰਦਰ ਸਿੰਘ ਜੀ ਧਾਮੀ ਦੀ ਯੋਗ ਅਗਵਾਈ ਹੇਠ ਭਵਿੱਖ ਵਿੱਚ ਸਿੱਖ ਪੰਥ ਦੇ ਵਡੇਰੇ ਹਿੱਤਾਂ ਲਈ ਹੋਰ ਵੀ ਵੱਧ ਚੜ੍ਹਕੇ ਕੰਮ ਕਰੇਗੀ ਇਸ ਮੌਕੇ ਸ੍ਰ: ਜਸਵੰਤ ਸਿੰਘ ਬੌਬੀ ਵੀ ਹਾਜ਼ਰ ਸਨ।

# ਅੰਮ੍ਰਿਤਸਰ ਦੇ ਵਿਕਾਸ ਲਈ ਕਿਸੇ ਨਾਲ ਵੀ ਸਾਂਝੇ ਯਤਨਾਂ ਲਈ ਤਿਆਰ ਹਾਂ : ਤਰਨਜੀਤ ਸੰਧੂ ਸਮੁੰਦਰੀ



**ਅੰਮ੍ਰਿਤਸਰ 29 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਭਾਰਤੀ ਜਨਤਾ ਪਾਰਟੀ ਦੇ ਆਗੂ ਅਤੇ ਅਮਰੀਕਾ ਵਿੱਚ ਭਾਰਤ ਦੇ ਰਾਜਦੂਤ ਰਹੇ ਸ. ਤਰਨਜੀਤ ਸੰਧੂ ਸਮੁੰਦਰੀ ਨੇ ਕਿਹਾ ਕਿ ਗੁਰੂ ਨਗਰੀ ਅੰਮ੍ਰਿਤਸਰ ਦਾ ਸਰਬਪੱਖੀ ਵਿਕਾਸ ਕਰਨਾ ਮੇਰਾ ਟੀਚਾ ਹੈ ਅਤੇ ਇਸ ਦੀ ਪੂਰਤੀ ਲਈ ਕਿਸੇ ਵੀ ਧਾਰਮਿਕ, ਸਮਾਜਿਕ ਅਤੇ ਉਨ੍ਹਾਂ ਰਾਜਨੀਤਕ ਪਾਰਟੀਆਂ ਅਤੇ ਆਗੂਆਂ ਨਾਲ ਮਿਲ ਕੇ ਸਾਂਝੇ ਯਤਨਾਂ ਨਾਲ ਕੰਮ ਕਰਨ ਲਈ ਤਿਆਰ ਹਾਂ, ਜੋ ਸ਼ਹਿਰ ਦੀ ਬਿਹਤਰੀ ਅਤੇ ਵਿਕਾਸ ਚਾਹੁੰਦੇ ਹੋਣ। ਭਾਜਪਾ ਵੱਲੋਂ ਅੰਮ੍ਰਿਤਸਰ ਲੋਕ ਸਭਾ ਸੀਟ ਲਈ ਚੋਣ ਲੜ ਚੁੱਕੇ ਸੰਧੂ ਸਮੁੰਦਰੀ ਨੇ ਆਪਣੀ ਰਿਹਾਇਸ਼ 'ਤੇ ਪ੍ਰੈੱਸ ਕਾਨਫ਼ਰੰਸ ਦੌਰਾਨ ਕਿਹਾ ਕਿ ਸ਼ਹਿਰ ਦੇ ਵਿਕਾਸ 'ਤੇ ਸਭ ਨੂੰ ਧਿਆਨ ਦੇਣ ਅਤੇ ਸਮਾਂ ਦੇਣ ਦੀ ਲੋੜ ਹੈ, ਖ਼ਾਸ ਕਰਕੇ ਉਨ੍ਹਾਂ ਲੋਕਾਂ ਲਈ ਇਹ ਵੱਡੀ ਜ਼ਿੰਮੇਵਾਰੀ ਹੈ ਜਿਨ੍ਹਾਂ 'ਤੇ ਲੋਕਾਂ ਨੇ ਭਰੋਸਾ ਜਿਤਾਇਆ ਹੋਵੇ। ਉਨ੍ਹਾਂ ਕਿਹਾ ਕਿ ਮੈਂ ਆਪਣੀ ਜ਼ਿੰਮੇਵਾਰੀ ਨੂੰ ਬਾਖ਼ੂਬੀ ਸਮਝ ਸਕਦਾ ਹਾਂ ਅਤੇ ਸ਼ਹਿਰ ਦੀ ਬਿਹਤਰੀ ਲਈ ਮੇਰੇ ਵੱਲੋਂ ਖ਼ਾਮੋਸ਼ੀ ਅਤੇ ਇਮਾਨਦਾਰੀ ਨਾਲ ਜੋ ਕਾਰਜ ਕੀਤੇ ਜਾ ਰਹੇ ਹਨ ਉਨ੍ਹਾਂ ਦੇ ਨਤੀਜੇ ਜਲਦ ਸਾਹਮਣੇ ਆਉਣਗੇ। ਕੇਂਦਰ ਸਰਕਾਰ ਦੀਆਂ ਅਨੇਕਾਂ ਸਕੀਮਾਂ ਅਤੇ ਯੋਜਨਾਵਾਂ ਹਨ ਜੋ ਹੇਠਲੇ ਪੱਧਰ ਤਕ ਨਹੀਂ ਪਹੁੰਚ ਰਹੀਆਂ, ਉਨ੍ਹਾਂ ਨੂੰ ਅੰਮ੍ਰਿਤਸਰ ਦੇ ਲੋਕਾਂ ਤਕ ਪਹੁੰਚ ਯਕੀਨੀ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਸ਼ਹਿਰ ਦੀ ਸਫ਼ਾਈ, ਨਸ਼ਾ ਅਤੇ ਅਮਨ ਕਾਨੂੰਨ ਦੀ ਵੱਡੀ ਸਮੱਸਿਆ ਹੈ। ਜਿਨ੍ਹਾਂ ਤੋਂ ਲੋਕਾਂ ਨੂੰ ਤੁਰੰਤ ਨਿਜਾਤ ਦਿਵਾਉਣ ਦੀ ਲੋੜ ਹੈ। ਭਾਰਤ ਕੈਨੇਡਾ ਦਰਮਿਆਨ ਮਾਮਲਿਆਂ ਬਾਰੇ ਪੁੱਛੇ ਜਾਣ'ਤੇ ਅਮਰੀਕਾ ਵਿੱਚ ਭਾਰਤ ਦੇ ਰਾਜਦੂਤ ਰਹੇ ਸ. ਸੰਧੂ ਸਮੁੰਦਰੀ ਨੇ ਕਿ ਕਿਹਾ ਕਿ ਇਸ ਮਾਮਲੇ 'ਚ ਭਾਰਤ ਦੇ ਵਿਦੇਸ਼ ਮੰਤਰੀ ਅਤੇ ਵਿਦੇਸ਼ ਮੰਤਰਾਲੇ ਵੱਲੋਂ ਲੋੜੀਂਦੇ ਜ਼ਰੂਰੀ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਭਾਰਤ ਅਮਰੀਕਾ ਸੰਬੰਧ ਹੁਣ ਭਾਈਵਾਲੀ ਵਿਚ ਬਦਲ ਚੁੱਕੀ ਹੈ। ਦੁਵੱਲੀ ਵਪਾਰ ਅਤੇ ਸਾਇੰਸ ਐਂਡ ਟੈਕਨਾਲੋਜੀ 'ਚ ਦੋਵੇਂ ਦੇਸ਼ ਮਿਲ ਕੇ ਅੱਗੇ ਵੱਧ ਰਹੇ ਹਨ। ਉਨ੍ਹਾਂ ਕਿਹਾ ਵੱਡੀਆਂ ਅਮਰੀਕੀ ਕੰਪਨੀਆਂ 'ਚ ਭਾਰਤੀ ਲੋਕ ਵੱਡੀਆਂ ਪੁਜ਼ੀਸ਼ਨਾਂ 'ਚ ਹਨ ,ਜਿਨ੍ਹਾਂ ਤੋਂ ਭਾਰਤ ਅਤੇ ਭਾਰਤੀ ਜਨਤਾ ਲਈ ਲਾਭ ਉਠਾਇਆ ਜਾ ਸਕਦਾ ਹੈ। ਇਸ ਬਾਰੇ ਉਹ ਆਪਣੀ ਬਣਦੀ ਭੂਮਿਕਾ ਨਿਭਾਉਣਗੇ। ਉਨ੍ਹਾਂ ਨੌਜਵਾਨਾਂ ਨੂੰ ਭੇਡ ਚਾਲ 'ਤੇ ਚਲਦਿਆਂ ਗੈਰ ਕਾਨੂੰਨੀ ਤਰੀਕੇ ਨਾਲ ਵਿਦੇਸ਼ ਨਾ ਜਾਣ ਦੀ ਸਲਾਹ ਦਿੱਤੀ। ਉਨ੍ਹਾਂ ਕਿਹਾ ਕਿ ਜੋ ਐਜੂਕੇਸ਼ਨ ਵਿਦੇਸ਼ਾਂ ਵਿਚ ਮਿਲ ਰਹੀ ਹੈ ਉਹੀ ਸਾਡੇ ਦੇਸ਼ ਵਿਚ ਵੀ ਮਿਲਣੀ ਚਾਹੀਦੀ ਹੈ। ਇਹ ਮੌਕੇ ਇਥੇ ਨਸੀਬ ਹੋਵੇ ਤਾਂ ਸਾਡੇ ਬੱਚੇ ਬਾਹਰ ਕਿਉਂ ਜਾਣ ? ਉਨ੍ਹਾਂ ਸਿੱਖਿਆ ਡਿੱਗਰੀ ਪੱਖੀ ਨਾ ਹੋਕੇ ਸਗੋਂ ਸਕਿੱਲ ਪੱਖੀ ਹੋਣ'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਖੇਤੀ ਤੋਂ ਇਲਾਵਾ ਦਿਹਾਤੀ ਅਤੇ ਸ਼ਹਿਰੀ ਖੇਤਰ 'ਚ ਆਮਦਨੀ ਵਧਣੀ ਚਾਹੀਦੀ ਹੈ। ਖੇਤੀ ਜਿਨਸਾਂ, ਫਲ਼ ਅਤੇ ਸਬਜ਼ੀਆਂ ਦੀ ਯੂਏਈ, ਮਿਡਲ ਈਸਟ ਅਤੇ ਯੂਰਪੀਅਨ ਦੇਸ਼ਾਂ ਵਿਚ ਮੰਡੀਕਰਨ ਦੀ ਵਕਾਲਤ ਕਰਦਿਆਂ ਸੰਧੂ ਸਮੁੰਦਰੀ ਨੇ ਕਿਹਾ ਕਿ ਨਾ ਕੇਵਲ ਵਾਹਗਾ ਬਾਰਡਰ ਦੇ ਰਸਤੇ ਸਗੋਂ ਸਮੁੰਦਰੀ ਰਸਤੇ ਯੂਏਈ ਤੋਂ ਯੂਰਪੀਅਨ ਤਕ ਕਾਰੀਡੋਰ ਅਤੇ ਅੰਮ੍ਰਿਤਸਰ ਤੋਂ ਏਅਰ ਕਾਰਗੋ ਸੇਵਾਵਾਂ ਦੀ ਪੂਰੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਜਿਨ੍ਹਾਂ ਦੇਸ਼ਾਂ ਵਿਚ ਖੇਤੀ ਵਸਤਾਂ ਦੀ ਭਾਰੀ ਕੀਮਤ ਮਿਲਦੀ ਹੈ, ਉਨ੍ਹਾਂ ਦੇਸ਼ਾਂ ਨਾਲ ਵਪਾਰ ਕਰਨ ਲਈ ਪਾਕਿਸਤਾਨ ਵੀ ਟਰਾਂਜ਼ਿਟ ਰੂਟ ਨੂੰ ਬੰਦ ਨਹੀਂ ਕਰ ਸਕੇਗਾ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ 'ਚ ਡੇਢ ਤੋਂ ਦੋ ਲੱਖ ਸ਼ਰਧਾਲੂ ਰੋਜ਼ਾਨਾ ਆਉਂਦੇ ਹਨ, ਜਿਨ੍ਹਾਂ ਨੂੰ ਟੂਰਿਸਟ ਅਤੇ ਟੂਰਿਸਟ ਹੱਬ ਜਾਂ ਇੰਡਸਟਰੀ 'ਚ ਬਦਲਣ ਦੀ ਲੋੜ ਹੈ। ਉਨ੍ਹਾਂ ਬੰਦਰਗਾਹ ਨਾਲ ਜੁੜਨ ਲਈ ਪੱਟੀ ਫ਼ਿਰੋਜਪੁਰ ਰੇਲ ਲਿੰਕ ਜਲਦ ਮੁਕੰਮਲ ਕਰਨ ਵਲ ਕਦਮ ਚੁੱਕਣ ਲਈ ਪੰਜਾਬ ਸਰਕਾਰ ਕਿਹਾ। ਅੰਮ੍ਰਿਤਸਰ ਵਿਚ ਅਮਰੀਕੀ ਦੂਤਾਵਾਸ ਸਥਾਪਿਤ ਕਰਨ ਬਾਰੇ ਪੁੱਛੇ ਜਾਣ'ਤੇ ਉਨ੍ਹਾਂ ਕਿਹਾ ਕਿ ਪ੍ਰਾਜੈਕਟ ਪ੍ਰਗਤੀ ਅਧੀਨ ਹੈ, ਪਰ ਮੌਜੂਦਾ ਐੱਮ ਪੀ ਨੂੰ ਇਸ ਕੇਸ ਦੀ ਪੁਰਜ਼ੋਰ ਵਕਾਲਤ ਕਰਨੀ ਚਾਹੀਦੀ ਹੈ। ਇਸ ਮੌਕੇ ਭਾਜਪਾ ਬੁਲਾਰੇ ਪ੍ਰੋ. ਸਰਚਾਂਦ ਸਿੰਘ ਅਤੇ ਸ. ਪਰਮਿੰਦਰ ਸਿੰਘ ਸੰਧੂ ਵੀ ਮੌਜੂਦ ਸਨ।

# ਇੰਡੀਅਨ ਐਕਸ ਸਰਵਿਸਮੈਨ ਲੀਗ ਦੀ ਹੋਈ ਇਕੱਤਰਤਾ

ਫ਼ਿਰੋਜ਼ਪੁਰ, 29 ਅਕਤੂਬਰ (ਮਨੋਹਰ ਲਾਲ) :— ਇੰਡੀਅਨ ਐਕਸ ਸਰਵਿਸ ਮੈਨ ਲੀਗ ਦੀ ਮੀਟਿੰਗ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਵਿਖੇ ਜਿਲਾ ਪ੍ਰਧਾਨ ਕੈਪਟਨ ਜਾਗੀਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿਚ ਸਭ ਤੋਂ ਪਹਿਲਾ ਲੀਗ ਦੇ ਸੰਵਿਧਾਨ ਬਾਰੇ ਜਾਣਕਾਰੀ ਦਿੱਤੀ ਤੇ ਜੋ ਈ.ਸੀ.ਐਚ.ਐਸ ਦੇ ਪੱਤਰ ਪੜ੍ਹ ਕੇ ਦੱਸਿਆ ਕਿ ਜੋ ਪਹਿਲਾ ਰੈਫਰ ਇਕ ਮਹੀਨਾ ਚਲਦਾ ਸੀ ਉਸ ਦੀ ਤਰੀਕ ਤਿਨ ਮਹੀਨੇ ਹੋ ਗਈ ਹੈ ਤੇ ਜੋ ਪੁਆਇੰਟ ਜਗਰਾਓ ਮੀਟਿੰਗ ਵਿਚ ਦਿੱਤੇ ਸਨ, ਉਹ ਵੀ ਹੱਲ ਹੋ ਗਏ ਹਨ। ਅੰਤ ਵਿਚ ਕੈਪਟਨ ਜਾਗੀਰ ਸਿੰਘ ਨੇ ਮੀਟਿੰਗ ਵਿਚ ਸ਼ਾਮਲ ਹੋਏ ਸਾਰੇ ਸਾਬਕਾ ਸੈਨਿਕਾਂ ਦਾ ਧੰਨਵਾਦ ਕੀਤਾ। ਮੀਟਿੰਗ ਵਿਚ ਸ਼ਾਮਿਲ ਸੈਨਿਕ ਕੈਪਟਨ ਜਾਗੀਰ ਸਿੰਘ ਕੈਪਟਨ ਹਰਦਿਆਲ ਸਿੰਘ ਭੁੱਲਰ ਸੂਬੇਦਾਰ ਮੇਜਰ ਹੋਸ਼ਿਆਰ ਸਿੰਘ, ਸੂਬੇਦਾਰ ਬਖਸ਼ਿਸ਼ ਸਿੰਘ, ਸੂਬੇਦਾਰ ਜਾਗੀਰ ਸਿੰਘ, ਨਾਇਬ ਸੂਬੇਦਾਰ ਬਲਵਿੰਦਰ ਸਿੰਘ, ਨਾਇਬ ਸੂਬੇਦਾਰ ਲਸ਼ਮਣ ਸਿੰਘ, ਹਵਾਲਦਾਰ ਗੁਰਮੇਲ ਸਿੰਘ, ਹਵਾਲਦਾਰ ਰਤਨ ਸਿੰਘ ਜਰਨਲ ਸੈਕਟਰੀ ਆਦਿ ਨੇ ਮੀਟਿੰਗ ਵਿਚ ਹਿੱਸਾ ਲਿਆ ਅਤੇ ਸਾਰੇ ਸਾਬਕਾ ਸੈਨਿਕ ਆਪਣੇ ਕੀਮਤੀ ਸਮੇਂ ਵਿੱਚੋਂ ਸਮਾਂ ਕੱਢ ਕੇ ਪਹੁੰਚੇ ਸਾਰਿਆਂ ਦਾ ਧੰਨਵਾਦ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਜਿਲ੍ਹਾ ਅੰਮ੍ਰਿਤਸਰ ਵਿੱਚ ਕਿਸਾਨ ਮਜਦੂਰ ਸੰਘਰਸ਼ਾਂ ਲਈ ਔਰਤਾਂ ਦੀ ਲਾਮਬੰਦੀ ਜ਼ੋਰਾਂ 'ਤੇ

# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਜੋਨ ਪੱਧਰੀ ਔਰਤਾਂ ਦੀਆਂ ਇਕਾਈਆਂ ਦੀਆ ਚੋਣਾਂ ਜਾਰੀ

**ਕਿਸਾਨ** ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਔਰਤ ਵਰਗ ਨੂੰ ਜਥੇਬੰਦਕ ਕਰਕੇ ਕਿਸਾਨ ਮਜਦੂਰ ਹੱਕਾਂ ਦੇ ਸੰਘਰਸ਼ ਦੇ ਮੈਦਾਨ ਵਿੱਚ ਔਰਤ ਵਰਗ ਦੀ ਪ੍ਰਤੀਨਿਧਤਾ ਕਾਇਮ ਕਰਨ ਦੇ ਮੰਤਵ ਨਾਲ ਔਰਤਾਂ ਦੀਆਂ ਪਿੰਡ, ਜੋਨ , ਜਿਲ੍ਹਾ ਤੇ ਸੂਬਾ ਪੱਧਰੀ ਕਮੇਟੀਆਂ ਤਿਆਰ ਕਰਨ ਦੀ ਮੁਹਿੰਮ ਤਹਿਤ ਸੂਬਾ ਆਗੂ ਸਰਵਣ ਸਿੰਘ ਪੰਧੇਰ ਦੀ ਅਗਵਾਈ ਵਿੱਚ ਜਿਲ੍ਹਾ ਅੰਮ੍ਰਿਤਸਰ ਵਿੱਚ ਅੱਜ ਵੱਖ ਵੱਖ ਥਾਵਾਂ ਤੇ ਜੋਨ ਕੱਥੂਨੰਗਲ, ਜੋਨ ਬਾਬਾ ਬੁੱਢਾ ਜੀ ਅਤੇ ਜ਼ੋਨ ਟਾਹਲੀ ਸਾਬ੍ਹ ਵਿੱਚ ਇਲਾਕੇ ਤੋਂ ਕਿਸਾਨ ਮਜ਼ਦੂਰ ਔਰਤਾਂ ਦੇ ਇੱਕਠ ਕਰਕੇ ਜੋਨ ਪੱਧਰੀ ਕਮੇਟੀਆਂ ਦਾ ਗਠਨ ਕੀਤਾ ਗਿਆ। ਇਸ ਮੌਕੇ ਜਿਲ੍ਹਾ ਆਗੂ ਬਲਦੇਵ ਸਿੰਘ ਬੱਗਾ, ਸਵਿੰਦਰ ਸਿੰਘ ਰੂਪੋਵਾਲੀ ਅਤੇ ਕੰਧਾਰ ਸਿੰਘ ਭੋਏਵਾਲ ਨੇ ਕਿਹਾ ਕਿ ਜਿਵੇਂ ਅੱਜ ਸਿਆਸਤਦਾਨ ਸਰਕਾਰ ਵਿੱਚ ਬੈਠ ਕੇ ਕਿਸਾਨ ਮਜ਼ਦੂਰ ਦੇ ਹਿੱਤਾਂ ਨੂੰ ਕਾਰਪੋਰੇਟ ਦੇ ਹੱਥੀਂ ਵੇਚਣ ਦੀਆਂ ਨੀਤੀਆਂ ਤੇ ਕੰਮ ਕਰ ਰਹੇ ਹਨ ਅਤੇ ਕੁਦਰਤੀ ਸਰੋਤਾਂ, ਬਿਜਲੀ, ਖੇਤੀ ਮੰਡੀ, ਖੇਤੀ ਸੈਕਟਰ, ਰੇਲ ਤੇ ਹੋਰ ਜਨਤਕ ਅਦਾਰੇ ਵੱਡੀਆਂ ਕੰਪਨੀਆਂ ਹਵਾਲੇ ਕਰਨ ਜਾ ਰਹੇ ਹਨ, ਇਸ ਵੇਲੇ ਔਰਤ ਵਰਗ ਵੱਲੋਂ ਸੰਘਰਸ਼ ਜਿੱਥੇ ਪਹਿਲਾਂ ਹੀ ਵੱਡਾ ਯੋਗਦਾਨ ਪਾਇਆ ਜਾ ਰਿਹਾ ਹੈ, ਉੱਥੇ ਹੁਣ ਆਗੂ ਸਫ਼ਾ ਵਿੱਚ ਵੀ ਉਸਦੇ ਅੱਗੇ ਵਧਣ ਦੀ ਜਰੂਰਤ ਹੈ। ਜਿਵੇ ਅੱਜ ਹਰ ਖੇਤਰ ਵਿੱਚ ਔਰਤ ਮਰਦ ਦੇ ਮੋਢੇ ਨਾਲ ਮੋਢਾ ਜੋੜ ਕੇ ਚੱਲ ਰਹੀ ਹੈ ਅਤੇ ਓਵੇਂ ਹੀ ਜਨਤਕ ਘੋਲ ਵੀ ਔਰਤ ਦੀ ਸ਼ਮੂਲੀਅਤ ਤੋਂ ਬਿਨ੍ਹਾਂ ਅਧੂਰੇ ਹਨ। ਇਸ ਲਈ ਅੱਜ ਇੱਕ ਹੋਰ ਜੋਨ ਦੀ ਚੋਣ ਕਰਦੇ ਹੋਏ ਜਥੇਬੰਦਕ ਢਾਂਚੇ ਨੂੰ ਹੋਰ ਵਧੇਰੇ ਮਜ਼ਬੂਤ ਕੀਤਾ ਗਿਆ ਹੈ ਅਤੇ ਚੱਲ ਰਹੇ ਦਿੱਲੀ ਅੰਦੋਲਨ 2 ਨੂੰ ਹੋਰ ਵਿਆਪਕ ਤੇ ਵਿਸ਼ਾਲ ਬਣਾਉਣ ਲਈ ਯਤਨ ਜਾਰੀ ਹਨ । ਉਹਨਾਂ ਸਭ ਪਿੰਡਾਂ ਨੂੰ ਅਪੀਲ ਕੀਤੀ ਕਿ ਹਰ ਪਿੰਡ ਵਿੱਚ ਔਰਤਾਂ ਨੂੰ ਲਾਮਬੰਦ ਕਰਕੇ ਸੰਘਰਸ਼ ਨੂੰ ਹੋਰ ਬੁਲੰਦੀ ਲਿਜਾਇਆ ਜਾਵੇ। ਉਹਨਾਂ ਦੱਸਿਆ ਕਿ ਇਸੇ ਤਰ੍ਹਾਂ ਕੱਲ੍ਹ ਯਾਨੀ 30 ਅਕਤੂਬਰ ਨੂੰ ਜੋਨ ਤਰਸਿੱਕਾ ਅਤੇ ਜੋਨ ਮਹਿਤਾ ਵਿੱਚ ਔਰਤਾਂ ਦੀਆਂ ਟੀਮਾਂ ਚੁਣੀਆ ਜਾਣਗੀਆਂ। ਇਸ ਮੌਕੇ ਜ਼ੋਨ ਕੱਥੂਨੰਗਲ ਵਿੱਚ ਰਜਵੰਤ ਕੌਰ ਰੂਪੋਵਾਲੀ, ਹਰਪ੍ਰੀਤ ਕੌਰ ਕੱਥੂਨੰਗਲ, ਪਰਮਜੀਤ ਕੌਰ ਖੁਸ਼ੀਪੁਰ, ਵੀਰ ਕੌਰ ਢੱਡੇ, ਗੁਰਮੀਤ ਕੌਰ ਕੱਥੂਨੰਗਲ, ਬਲਵਿੰਦਰ ਕੌਰ ਭੁੱਲਰ, ਗੁਰਮੀਤ ਕੌਰ ਭੁੱਲਰ ਅਤੇ ਪਰਮਜੀਤ ਕੌਰ ਸ਼ਿਹਜ਼ਾਦਾ । ਜੋਨ ਬਾਬਾ ਬੁੱਢਾ ਜੀ ਵਿੱਚ ਜਸਵਿੰਦਰ ਕੌਰ ਵਰਿਆਮ, ਕਸ਼ਮੀਰ ਕੌਰ ਵਰਿਆਮ, ਰਮਨਦੀਪ ਕੌਰ ਚਾਚੋਵਾਲੀ, ਰੁਪਿੰਦਰ ਕੌਰ ਅਬਦਾਲ, ਸੁਖਰਾਜ ਕੌਰ ਅਬਦਾਲ, ਪਰਮਜੀਤ ਕੌਰ ਝੰਡੇ, ਬਲਰਾਜ ਕੌਰ ਝੰਡੇ, ਕੁਲਵਿੰਦਰ ਕੌਰ ਮੁਗੋਸੋਹੀ। ਜੋਨ ਟਾਹਲੀ ਸਾਹਿਬ ਵਿੱਚ ਜਗਦੀਸ਼ ਕੌਰ ਮਹਿਮੂਦਪੁਰ, ਹਰਜਸ ਕੌਰ ਬੱਗਾ, ਕੁਲਵੰਤ ਕੌਰ ਭੋਏਵਾਲ, ਗੁਰਮੀਤ ਕੌਰ ਖੇੜੇ ਬਾਲਾਚੱਕ, ਅਜੀਤ ਕੌਰ ਬੱਗਾ, ਸਵਿੰਦਰ ਕੌਰ ਖ਼ੇੜੇ ਬਾਲਾਚੱਕ, ਵੀਰ ਕੌਰ ਖ਼ੇੜੇ ਬਾਲਾਚੱਕ ਦੀ ਮੈਂਬਰ ਜ਼ੋਨ ਕੋਰ ਕਮੇਟੀ ਵਜੋਂ ਚੋਣ ਕੀਤੀ ਗਈ ।

ਆਵਾਜ਼ਿ ਕੌਮ AWAZE QAUM International Newspaper & WEB TV

ਬੀਬੀ ਜਗੀਰ ਕੌਰ ਨੂੰ ਹਰਾਉਣ ਵਾਲੇ

# 107 ਮੈਂਬਰਾਂ ਦੀ ਜ਼ਮੀਰ 2015 ਦੀ ਮਰ ਚੁੱਕੀ ਹੈ : ਭੋਮਾ



**ਦਿੱਲੀ ਸਿੱਖ** ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਪੰਜਾਬ ਦੇ ਚੇਅਰਮੈਨ ਮਨਜੀਤ ਸਿੰਘ ਭੋਮਾ ਨੇ ਕਿਹਾ ਬੀਬੀ ਜਗੀਰ ਕੌਰ ਨੂੰ ਹਰਾਉਣ ਵਾਲੇ 107 ਮੈਂਬਰਾਂ ਦੀ ਜ਼ਮੀਰ 2015 ਤੋਂ ਹੀ ਮਰ ਚੁੱਕੀ ਹੈ ਜਿਨਾਂ ਪਾਸੋਂ ਨੈਤਿਕਤਾ ਦੀ ਆਸ ਰੱਖਣੀ ਜਾਇਜ਼ ਨਹੀਂ । ਸਾਲ 2007 ਵਿਚ ਸਲਾਬਤ ਪੁਰ ਡੇਰੇ ਤੇ ਗੁਰਮੀਤ ਰਾਮ ਰਹੀਮ ਨੇ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਨਕਲ ਕਰ ਖੰਡੇ ਦੇ ਪਾਹੁਲ ਵਾਂਗ ਜਾਮੇ ਇੰਸਾਂ ਤਿਆਰ ਕੀਤਾ । ਉਹ ਦਰਜ ਹੋਇਆ ਮੁਕੱਦਮਾ 2012 ਦੀਆਂ ਵੋਟਾਂ ਤੋਂ ਪਹਿਲਾਂ ਖ਼ਾਰਜ ਕਰਨ ਦੀ ਅਰਜ਼ੀ ਬਾਦਲਾਂ ਦੇ ਕਹਿਣ ਤੇ ਅਦਾਲਤ ਵਿਚ ਪੰਜਾਬ ਪੁਲਿਸ ਨੇ ਦਿੱਤੀ ਸੀ , ਕਿਸੇ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਜ਼ਮੀਰ ਨਹੀਂ ਜਾਗੀ , ਜਦੋਂ ਕਿ ਅੱਜ ਵਾਲੀ ਕਮੇਟੀ ਸਤੰਬਰ 2011 ਵਿਚ ਚੁਣੀ ਜਾ ਚੁੱਕੀ ਸੀ । ਫੇਰ 2015 ਵਿਚ ਗੁਰਮੀਤ ਰਾਮ ਰਹੀਮ ਨੂੰ ਮੁਆਫ਼ੀ ਹੀ ਨਹੀਂ ਦਿੱਤੀ ਉਸਨੂੰ ਜਾਇਜ਼ ਠਹਿਰਾਉਣ ਲਈ ਗੁਰੂ ਦੀ ਗੋਲਕ ਦਾ 90 ਲੱਖ ਰੁਪਈਆ ਵੀ ਖ਼ਰਚ ਕਰ ਦਿੱਤਾ , ਜਿਨਾਂ ਮੈਂਬਰਾਂ ਨੇ ਦਸਤਖਤ ਤੇ ਜਿਸ ਹਾਉਸ ਨੇ ਪ੍ਰਵਾਨਗੀ ਦਿੱਤੀ ਕੀ ਉਨਾਂ ਦੀ ਜ਼ਮੀਰ ਜਿਉਂਦੀ ਸੀ ਜਾਂ ਹੈ ? ਸ੍ਰੀ ਆਨੰਦ ਪੁਰ ਸਾਹਿਬ ਗੁਰੂ ਘਰ ਨਾਲ ਠੱਗੀ ਮਾਰਨ ਤੇ ਉਨਾਂ ਦੇ ਹਮਾਇਤੀਆਂ ਦੀ ਕੀ ਜ਼ਮੀਰ ਜ਼ਿੰਦਾ ਹੈ ।

ਇਹ ਮਰੀਆਂ ਜਮੀਰਾਂ ਵਾਲੇ ਸ਼੍ਰੋਮਣੀ ਕਮੇਟੀ ਮੈਂਬਰਾਂ ਦੀ ਉਸ ਸਮੇਂ ਵੀ ਜ਼ਬਾਨ ਨਹੀਂ ਖੁਲ੍ਹੀ ਸੀ। ਇਹ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਹਾਊਸ ਦੀ ਮਿਆਦ ਕਦੋਂ ਦੀ ਖ਼ਤਮ ਹੋ ਚੁੱਕੀ ਹੈ। ਇਸ ਨੂੰ ਪੰਥ ਦੀ ਅਗਵਾਈ ਕਰਨ ਦਾ ਕੋਈ ਹੱਕ ਹੀ ਨਹੀਂ ਰਿਹਾ । ਇਿਹਨਾਂ ਸ਼੍ਰੋਮਣੀ ਕਮੇਟੀ ਮੈਂਬਰਾਂ ਦੇ 7 - 7 ਰਿਸ਼ਤੇਦਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਭਰਤੀ ਕਰਵਾਏ ਹਨ ਹਾਲਾਂਕਿ ਐਕਟ ਮੁਤਾਬਿਕ ਖ਼ੂਨ ਦੇ ਰਿਸ਼ਤੇ ਵਾਲਾ ਕੋਈ ਪ੍ਰਵਾਰਿਕ ਮੈਂਬਰ ਭਰਤੀ ਨਹੀਂ ਕੀਤਾ ਜਾ ਸਕਦਾ। ਬਾਦਲਾਂ ਨੇ ਰਿਸ਼ਤੇਦਾਰ ਭਰਤੀ ਕਰਕੇ ਇਹ ਮਰੀ ਜ਼ਮੀਰ ਵਾਲੀਆਂ ਆਤਮਾਵਾਂ ਪੱਕੇ ਤੌਰ ਤੇ ਖਰੀਦੀਆਂ ਹੋਈਆਂ ਹਨ । ਇਹਨਾਂ ਨੂੰ ਨਾ ਹੀ ਬੇਅਦਬੀਆਂ ਦਿਸਦੀਆਂ ਹਨ ਅਤੇ ਨਾ ਹੀ ਰਾਮ ਰਹੀਮ ਨੂੰ ਦਿੱਤੀ ਗਈ ਮੁਆਫੀ। ਜਿਸ ਤਰ੍ਹਾਂ ਸ਼੍ਰੋਮਣੀ ਕਮੇਟੀ ਵਿੱਚ ਲੁੱਟ ਖਸੁੱਟ ਮਚੀ ਹੋਈ ਹੈ ਇਸ ਤੇ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਵੀ ਚੁੱਪ ਹੈ। ਇਥੇ ਇੱਕ ਅਜ਼ਾਦ ਕਮਿਸ਼ਨ ਬਣਕੇ ਸਾਰੀ ਲੁੱਟ ਖਸੁੱਟ ਦੀ ਜਾਂਚ ਹੋਣੀ ਚਾਹੀਦੀ ਹੈ। ਉਹਨਾਂ ਕੇਂਦਰ ਤੇ ਪੰਜਾਬ ਸਰਕਾਰ ਤੋਂ ਜ਼ੋਰਦਾਰ ਮੰਗ ਕੀਤੀ ਹੈ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਜਲਦੀ ਕਰਵਾਈਆਂ ਜਾਣ ਤਾਂ ਜੋ ਨਵੀਂ ਪੰਥਕ ਲੀਡਰਸ਼ਿਪ ਚੁਣਕੇ ਸਾਹਮਣੇ ਆ ਸਕੇ ਤੇ ਗੁਰਧਾਮਾਂ ਦਾ ਸਹੀ ਪ੍ਰਬੰਧ ਚਲਾ ਸਕੇ।

ਝੋਨੇ ਦੀ ਖਰੀਦ ਦੇ ਨਾਕਸ ਪ੍ਰਬੰਧਾਂ ਤੋਂ ਤੰਗ

# ਜਗਾ ਰਾਮ ਤੀਰਥ ਦੇ ਕਿਸਾਨਾਂ ਨੇ ਰੋਡ ਜਾਮ ਕਰ ਕੀਤਾ ਪ੍ਰਦਰਸ਼ਨ





**ਤਲਵੰਡੀ ਸਾਬੋ, 29 ਅਕਤੂਬਰ (ਗੁਰਜੰਟ ਸਿੰਘ ਨਥੇਹਾ)**-ਝੋਨੇ ਦੀ ਖਰੀਦ ਨੂੰ ਲੈ ਕੇ ਜਿੱਥੇ ਸਮੁੱਚੇ ਸੂਬੇ ਚ ਹਾਲਾਤ ਨਾਜ਼ੁਕ ਬਣੇ ਹੋਏ ਹਨ ਉੱਥੇ ਉੱਪ ਮੰਡਲ ਦੇ ਪਿੰਡ ਜਗਾ ਰਾਮ ਤੀਰਥ ਚ ਵੀ ਝੋਨੇ ਦੀ ਖਰੀਦ ਦੇ ਨਾਕਸ ਪ੍ਰਬੰਧਾਂ ਅਤੇ ਲਿਫਟਿੰਗ ਨਾ ਹੋਣ ਕਾਰਣ ਮੰਡੀਆਂ ਚ ਝੋਨੇ ਦੇ ਅੰਬਾਰ ਲੱਗ ਜਾਣ ਤੋਂ ਤੰਗ ਕਿਸਾਨਾਂ ਨੇ ਅੱਜ ਤਲਵੰਡੀ ਸਾਬੋ ਸਰਦੂਲਗੜ੍ਹ ਰੋਡ ਤੇ ਜਾਮ ਲਗਾ ਕੇ ਪੰਜਾਬ ਸਰਕਾਰ ਅਤੇ ਪ੍ਰਸ਼ਾਸਨ ਖਿਲਾਫ ਪ੍ਰਦਰਸ਼ਨ ਕੀਤਾ ਪ੍ਰਦਰਸ਼ਨ ਨੂੰ ਭਾਰਤੀ ਕਿਸਾਨ ਯੂਨੀਅਨ (ਸਿੱਧੂਪੁਰ) ਨੇ ਵੀ ਸਮੱਰਥਨ ਦਿੰਦਿਆਂ ਸ਼ਮੂਲੀਅਤ ਕੀਤੀ। ਪ੍ਰਦਰਸ਼ਨ ਕਰ ਰਹੇ ਕਿਸਾਨਾਂ ਨੇ ਦੱਸਿਆ ਕਿ ਪਿੰਡ ਜਗਾ ਰਾਮ ਤੀਰਥ ਦੀ ਅਨਾਜ ਮੰਡੀ ਝੋਨੇ ਨਾਲ ਨੱਕੋ ਨੱਕ ਭਰ ਗਈ ਹੈ ਪਰ ਖਰੀਦ ਨਾ ਹੋਣ ਕਾਰਣ ਤਿਉਹਾਰਾਂ ਦੇ ਸਮੇਂ ਵੀ ਕਿਸਾਨ ਮੰਡੀਆਂ 'ਚ ਰਾਤਾਂ ਕੱਟਣ ਲਈ ਮਜ਼ਬੂਰ ਹਨ। ਉਨਾਂ ਮੁਤਾਬਿਕ ਖਰੀਦ ਲਈ ਨਿਰਧਾਰਿਤ ਪ੍ਰਕ੍ਰਿਆ ਹੀ ਅਪਨਾਈ ਨਹੀ ਜਾ ਰਹੀ। ਪਿੰਡ ਦੇ ਕੁਝ ਕਿਸਾਨਾਂ ਮੁਤਾਬਿਕ ਤਾਂ ਇਸ ਵਾਰ ਕਿਸਾਨ ਦੋਹਰਾ ਫਰਜ਼ ਨਿਭਾ ਰਹੇ ਹਨ ਪਹਿਲਾਂ ਤਾਂ ਖੇਤਾਂ ਚ ਦਿਨ ਰਾਤ ਇੱਕ ਕਰਕੇ ਝੋਨਾ ਪਾਲਿਆ ਅਤੇ ਹੁਣ ਮੰਡੀਆਂ ਚ ਝੋਨੇ ਦੀ ਰਾਖੀ ਕਰਨੀ ਪੈ ਰਹੀ ਹੈ। ਕੁਝ ਪਿੰਡ ਵਾਸੀਆਂ ਨੇ ਇਹ ਕਥਿਤ ਦੋਸ਼ ਲਾਏ ਕਿ ਜਿੱਥੇ ਪਿੰਡ ਨੇੜਲੇ ਇੱਕ ਸ਼ੈਲਰ ਵੱਲੋਂ ਅਣਅਧਿਕਾਰਿਤ ਤੌਰ ਤੇ ਕੁਝ ਕਿਸਾਨਾਂ ਤੋਂ ਸ਼ੈਲਰ ਚ ਸਿੱਧਾ ਝੋਨਾ ਲੁਹਾਇਆ ਜਾ ਰਿਹੈ ਉੱਥੇ ਇੱਕ ਸ਼ੈਲਰ ਚ ਤਲਵੰਡੀ ਸਾਬੋ ਤੋਂ ਟਰੱਕਾਂ ਰਾਹੀਂ ਝੋਨਾ ਲਿਆ ਕੇ ਲਵਾ ਦਿੱਤਾ ਗਿਆ ਪਰ ਜਗਾ ਰਾਮ ਤੀਰਥ ਦੀ ਅਨਾਜ ਮੰਡੀ ਚੋਂ ਝੋਨਾ ਚੁਕਵਾਉਣ ਦਾ ਕਸ਼ਟ ਨਹੀ ਕੀਤਾ ਜਾ ਰਿਹਾ ਜਦੋਂਕਿ ਇਹ ਪਿੰਡ ਕੈਬਨਿਟ ਰੈਂਕ ਪ੍ਰਾਪਤ ਹਲਕਾ ਵਿਧਾਇਕਾ ਦਾ ਪਿੰਡ ਹੈ। ਪ੍ਰਦਰਸ਼ਨ ਨੂੰ ਸੰਬੋਧਨ ਦੌਰਾਨ ਭਾਕਿਯੂ (ਸਿੱਧੂਪੁਰ) ਆਗੂ ਮਹਿਮਾ ਸਿੰਘ ਨੇ ਇਸ ਵਾਰ ਝੋਨੇ ਦੀ ਖਰੀਦ ਦੇ ਮਾਮਲੇ 'ਚ ਸੂਬਾ ਸਰਕਾਰ ਨੂੰ ਫੇਲ੍ਹ ਕਰਾਰ ਦਿੰਦਿਆਂ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰ ਰਲਕੇ ਕਿਸਾਨਾਂ ਨੂੰ ਪ੍ਰੇਸ਼ਾਨ ਕਰਨ ਦੇ ਰਾਹ ਪਈਆਂ ਹੋਈਆਂ ਹਨ। ਕਿਸਾਨਾਂ ਅਨੁਸਾਰ ਅਧਿਕਾਰੀਆਂ ਵੱਲੋਂ ਮਸਲੇ ਦਾ ਜਲਦ ਹੱਲ ਕੱਢਣ ਅਤੇ ਸਿੱਧਾ ਝੋਨਾ ਲੁਹਾ ਰਹੇ ਸ਼ੈਲਰ ਖਿਲਾਫ ਕਾਰਵਾਈ ਦੇ ਭਰੋਸੇ ਮਗਰੋਂ ਫਿਲਹਾਲ ਧਰਨਾ ਚੁੱਕ ਲਿਆ ਗਿਆ ਹੈ।

# ਇਨਸਾਫ ਲਈ ਅਰਦਾਸ...



ਅੱਜ ਸ਼੍ਰੀ ਗੁਰੂ ਹਰਿਗੋਬਿੰਦ ਸੱਚੇ ਪਾਤਿਸ਼ਾਹ ਦੀ ਕਚਹਿਰੀ ਵਿੱਚ ਸ਼੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਥੱਲੇ ਹਾਜ਼ਰ ਹੋਕੇ 16 ਅਕਤੂਬਰ ਨੂੰ ਸਤਿਕਾਰਯੋਗ ਸਿੰਘ ਸਾਹਿਬ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਜੀ ਵੱਲੋਂ ਜੋ ਮੇਰੇ ਉੱਤੇ ਝੂਠੇ ਦੋਸ਼ ਲਾਏ ਗਏ ਸਨ ਕਿ,

1)ਮੈਂ ਗਿਆਨੀ ਹਰਪ੍ਰੀਤ ਸਿੰਘ ਜੀ ਨੂੰ ਧਮਕੀ ਦਿੱਤੀ ਹੈ।

2)ਕਿ ਮੈਂ ਗਿਆਨੀ ਹਰਪ੍ਰੀਤ ਸਿੰਘ ਜੀ ਦੀਆਂ ਧੀਆਂ ਨੂੰ ਲੈਕੇ ਭੈੜੇ ਦੋਸ਼ ਲਾਏ ਸਨ।

3)ਕਿ ਮੈਂ ਗਿਆਨੀ ਹਰਪ੍ਰੀਤ ਸਿੰਘ ਜੀ ਦੀ ਜਾਤ ਪਰਖੀ ਹੈ।

ਸੰਬੰਧੀ ਸਤਿਗੁਰਾਂ ਤੋਂ ਇਨਸਾਫ ਦੀ ਮੰਗ ਕੀਤੀ।

ਗਿਆਨੀ ਹਰਪ੍ਰੀਤ ਸਿੰਘ ਵੱਲੋਂ ਲਾਏ ਏਨਾਂ ਝੂਠੇ ਦੋਸ਼ਾਂ ਨੇ ਮੈਨੂੰ ਮਾਨਸਿਕ ਤੌਰ 'ਤੇ ਬਹੁਤ ਪੀੜਾ ਦਿੱਤੀ ਹੈ। ਮੈਂ ਜਿੰਦਗੀ 'ਚ ਬੜੇ ਜਫਰ ਜਾਲੇ ਹਨ ਅਤੇ ਜਬਰ ਝੱਲੇ ਹਨ ।ਪਰ ਏਨਾਂ ਜਬਰਾਂ ਨੂੰ ਮੈਂ ਹਮੇਸ਼ਾਂ ਚੜਦੀ ਕਲਾ ਨਾਲ ਬਰਦਾਸ਼ਤ ਕੀਤਾ ਹੈ। ਅੱਜ ਮੈਂ ਆਪਣੇ ਇਸ ਸਾਰੇ ਦਰਦ ਨੂੰ ਗੁਰੂ ਪੰਥ ਨਾਲ ਸਾਂਝਾ ਕਰਦਿਆਂ ਸ਼੍ਰੀ ਗੁਰੂ ਹਰਗੋਬਿੰਦ ਜੀ ਦੀ ਕਚਹਿਰੀ ਵਿੱਚ ਰੱਖਿਆ ਹੈ। ਛੇਵੇਂ ਪਾਤਸ਼ਾਹ ਸਾਹਿਬ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀਉ ਦਾਸ ਨਾਲ ਨਿਸਚੈ ਹੀ ਇਨਸਾਫ ਕਰਨਗੇ ।ਮੈਂ ਤੇਰਾ ਇੱਕ ਨਿਮਾਣਾ ਸਿੱਖ ਹਾਂ ।ਮੈਂ ਸੱਚਾ ਹਾਂ। ਹਾਂ,ਜੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਕੋਲ ਮੇਰੇ ਉੱਤੇ ਲਾਏ ਦੋਸ਼ਾਂ ਸੰਬੰਧੀ ਕਿਸੇ ਵੀ ਤਰਾਂ ਦਾ ਉਨਾਂ ਕੋਲ ਕੋਈ ਸਬੂਤ ਹੈ ਤਾਂ ਉਹ ਕਿਰਪਾ ਕਰਕੇ ਗੁਰੂ ਪੰਥ ਦੀ ਕਚਹਿਰੀ ਵਿੱਚ ਰੱਖਣ।

# ਸਾਨੂੰ 1 ਨਵੰਬਰ ਨੂੰ ਸਿੱਖਾਂ ਦੀ ਨਸਲ ਕੁਸ਼ੀ ਨੂੰ ਯਾਦ ਕਰਨਾ ਚਾਹੀਦਾ ਹੈ : ਕਰਨੈਲ ਸਿੰਘ ਪੀਰਮੁਹੰਮਦ



ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥

ਅਕਾਲ ਸਹਾਇ

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ

ALL INDIA SIKH STUDENTS FEDERATION

ਹੈੱਡ ਆਫਿਸ — ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ | H. O. : Shri Darbar Sahib, Amritsar

ਕਰਨੈਲ ਸਿੰਘ "ਪੀਰ ਮੁਹੰਮਦ"
ਸਰਪ੍ਰਸਤ
(M) 8872111984
#2033, Phase 10, SAS Nagar, Mohali
E-mail : karnail1990@gmail.com

ਐਡਵੋਕੇਟ ਪਰਮਿੰਦਰ ਸਿੰਘ ਢੀਂਗਰਾ
ਪ੍ਰਧਾਨ
(M) : 99140-33333
W.S. 52, Basti Sheikh, Jalandhar.
E-mai; : parminder_singh52@yahoo.com

ਪਰਮ ਸਤਿਕਾਰਯੋਗ ਸਿੰਘ ਸਾਹਿਬ ਜੀਓ

ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫ਼ਤਿਹ॥

ਇਸ ਵਾਰ ਦੀਵਾਲੀ 1 ਨਵੰਬਰ 2024 ਨੂੰ ਆ ਰਹੀ ਹੈ ਪੂਰੀ ਦੁਨੀਆ ਵਿੱਚ ਬੰਦੀ ਛੋੜ ਦਿਵਸ ਅਤੇ ਦਿਵਾਲੀ ਪੂਰੇ ਉਤਸ਼ਾਹ ਨਾਲ ਮਨਾਈ ਜਾਂਦਾ ਹੈ , ਸੱਚਖੰਡ ਸ੍ਰੀ ਹਰਮਿੰਦਰ ਸਾਹਿਬ ਅੰਮ੍ਰਿਤਸਰ ਵਿੱਖੇ ਵੀ ਬੰਦੀ ਛੋੜ ਦਿਵਸ ਪੂਰੇ ਉਤਸ਼ਾਹ ਨਾਲ 1 ਨਵੰਬਰ ਨੂੰ ਮਨਾਇਆ ਜਾਣਾ ਹੈ

ਪਰ 31 ਅਕਤੂਬਰ 1984 ਨੂੰ ਦੇਸ਼ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਅਮਰ ਸ਼ਹੀਦ ਭਾਈ ਬੇਅੰਤ ਸਿੰਘ ਅਮਰ ਸ਼ਹੀਦ ਭਾਈ ਸਤਵੰਤ ਸਿੰਘ ਵੱਲੋ ਸ੍ਰੀ ਦਰਬਾਰ ਸਾਹਿਬ ਦੇ ਹਮਲੇ ਦੇ ਵਿਰੋਧ ਵਿੱਚ ਕੀਤੇ ਕਤਲ ਤੇ ਬਾਅਦ ਉਸ ਵੇਲੇ ਦੀ ਕਾਂਗਰਸ ਸਰਕਾਰ ਵੱਲੋਂ 1 ਨਵੰਬਰ 1984 ਨੂੰ ਸਿੱਖ ਕੌਮ ਦੀ ਭਿਆਨਕ ਨਸਲਕੁਸ਼ੀ ਕਰਵਾਈ ਗਈ ਸੀ। ਇਸ ਕਰਕੇ ਪਹਿਲੀ ਨਵੰਬਰ ਦਾ ਦਿਨ ਸਿੱਖ ਕੌਮ ਲਈ ਬੇਹੱਦ ਪੀੜਾ ਦਾਇਕ ਹੈ। 1 ਨਵੰਬਰ 1984 ਨੂੰ ਅੱਜ ਤੋਂ 40 ਸਾਲ ਪਹਿਲਾਂ ਸਿੱਖ ਕੌਮ ਦੇ ਬੱਚਿਆ,ਨੌਜਵਾਨਾਂ , ਬਜ਼ੁਰਗਾਂ, ਬੀਬੀਆ ਦਾ ਭਿਆਨਕ ਕਤਲੇਆਮ ਹੋਇਆ ਸੀ। ਆਪ ਜੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਦੇਸ਼ - ਦੁਨੀਆ ਅੰਦਰ ਵੱਸਦੀ ਸਿੱਖ ਕੌਮ ਨੂੰ ਸੰਦੇਸ਼ ਜਾਰੀ ਕਰਕੇ ਇਸ ਵਾਰ ਦੀ ਦੀਵਾਲੀ /ਬੰਦੀ ਛੋੜ ਦਿਵਸ ਮੌਕੇ ਬੇਕਸੂਰ ਸਿੱਖਾਂ ਦੇ ਕਤਲੇਆਮ ਦੇ ਰੋਸ ਵਜੋਂ ਆਤਿਸ਼ਬਾਜੀ ਕਰਨ ਤੇ ਗੁਰੇਜ਼ ਕਰਨ ਸੰਬੰਧੀ ਗੰਭੀਰਤਾਪੂਰਵਕ ਦੀਰਘ ਸੋਚ ਵਿਚਾਰ ਕਰਕੇ ਫੈਸਲਾ ਲੈਣ ਦੀ ਕ੍ਰਿਪਾਲਤਾ ਕਰਨੀ ਜੀ।

ਧੰਨਵਾਦ ਸਹਿਤ

ਕਰਨੈਲ ਸਿੰਘ ਪੀਰਮੁਹੰਮਦ | ਐਡਵੋਕੇਟ ਪਰਮਿੰਦਰ ਸਿੰਘ ਢੀਂਗਰਾ

ਪਰਮਸਤਿਕਾਰਯੋਗ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਅਤੇ ਐਡਵੋਕੇਟ ਹਰਜਿੰਦਰ ਸਿੰਘ ਜੀ ਧਾਮੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

1 ਨਵੰਬਰ 1984 ਨਾ ਭੁੱਲਣ ਯੋਗ ਨਾ ਬਖਸ਼ਣ ਯੋਗ ਦਿੱਲੀ ਸਿੱਖ ਕਤਲੇਆਮ ਸਿੱਖਾਂ ਨੂੰ ਪਛਾਣ ਪਛਾਣ ਕੇ ਗਲਾ ਵਿੱਚ ਟਾਇਰ ਪਾ ਕੇ ਸਿੱਖ ਸਾੜੇ ਗਏ ਅਤੇ ਸਿੱਖਾਂ ਦੇ ਘਰਾਂ ਦੇ ਘਰ ਅਤੇ ਫੈਕਟਰੀਆਂ ਸਾੜ ਦਿੱਤੀਆਂ ਗਈਆਂ ਅਤੇ ਜੋ ਪਰਿਵਾਰ ਘਰਾਂ ਵਿੱਚ ਬੈਠੇ ਸਨ ਆਪਣੇ ਬੱਚਿਆਂ ਬੱਚੀਆਂ ਨਾਲ ਉਹਨਾਂ ਨੂੰ ਘਰਾਂ ਵਿੱਚੋਂ ਕੱਢ ਕੇ ਸਾਰੇ ਪਰਿਵਾਰਾਂ ਨੂੰ ਜਿਉਂਦਿਆਂ ਨੂੰ ਤੇਲ ਪਾ ਕੇ ਸਾੜ ਦਿੱਤਾ ਗਿਆ ਤੇ ਆਪਣੀਆਂ ਮਾਵਾਂ ਧੀਆਂ ਦੀ ਬੇਪੱਤੀ ਕੀਤੀ ਗਈ ਉਸ ਸਮੇਂ ਦੀਆਂ ਜ਼ਾਲਮ ਹਕੂਮਤਾਂ ਨੇ ਬਹੁਤ ਜਿਆਦਾ ਜ਼ੁਲਮ ਕੀਤੇ ਸਿੱਖਾਂ ਦੀ ਨਸਲ ਕੁਸ਼ੀ ਕੀਤੀ ਗਈ ਜਿਸ ਦਾ ਸਾਨੂੰ ਅੱਜ ਤੱਕ ਕੋਈ ਇਨਸਾਫ ਨਹੀਂ ਮਿਲਿਆ

ਸਾਨੂੰ 1 ਨਵੰਬਰ ਨੂੰ ਸਿੱਖਾਂ ਦੀ ਨਸਲ ਕੁਸ਼ੀ ਨੂੰ ਯਾਦ ਕਰਨਾ ਚਾਹੀਦਾ ਹੈ ਤੇ ਬੰਦੀ ਛੋੜ ਦਿਵਸ ਮੌਕੇ 1 ਨਵੰਬਰ ਨੂੰ ਆਤਿਸ਼ਬਾਜੀ ਤੋ ਗੁਰੇਜ ਕਰਨਾ ਚਾਹੀਦਾ ਹੈ । ਇਸ ਬਾਰੇ ਸਮਾ ਰਹਿੰਦਿਆ ਕੌਮ ਦੇ ਨਾਮ ਸੰਦੇਸ਼ ਜਾ ਅਦੇਸ ਜਾਰੀ ਕੀਤਾ ਜਾਵੇ ਜੀ ।ਇਸ ਬਾਰੇ ਸਿੰਘ ਸਾਹਿਬ ਜੀ ਨੂੰ ਵੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਤਰਫੋ ਪੱਤਰ ਲਿਖਿਆ ਹੈ । ਸਾਨੂੰ ਪੂਰਨ ਆਸ ਹੈ ਕਿ ਆਪ ਜੀ ਇਸ ਬਾਰੇ ਦੀਰਘ ਸੋਚ ਵਿਚਾਰ ਕਰਕੇ ਸਿੱਖ ਕੌਮ ਦੀਆ ਭਾਵਨਾਵਾਂ ਮੁਤਾਬਿਕ ਫੈਸਲਾ ਲਵੋਂਗੇ ।

**ਧੰਨਵਾਦ ਸਹਿਤ ਕਰਨੈਲ ਸਿੰਘ ਪੀਰਮੁਹੰਮਦ ਸਰਪ੍ਰਸਤ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਐਡਵੋਕੇਟ ਪਰਮਿੰਦਰ ਸਿੰਘ ਢੀਗਰਾ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ+ 91 9914033333**

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ AWAZE QAUM International Newspaper & WEB TV
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/1948995821245311/

You Tube https://youtu.be/LQwolgxDu7I

awazeqaumtvpunjab@gmail.com

ਬੁੱਧਵਾਰ, 30 ਅਕਤੂਬਰ 2024 (ਨਾਨਕਸ਼ਾਹੀ ਸੰਮਤ : ੫੫੬, ੧੪ ਕੱਤਕ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243

# ਅਮਰੀਕਾ ਦੌਰੇ ਦੌਰਾਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਦਾ ਵੱਖ ਵੱਖ ਸ਼ਖਸ਼ੀਅਤਾਂ ਵੱਲੋਂ ਕੀਤਾ ਗਿਆ ਸਨਮਾਨ










ਇੰਡੀਅਨ ਐਪਲਸ ਯੂਐਸਏ ਤੋਂ ਹੋਟਲ ਲਾਈਨ ਦੇ ਪ੍ਰਸਿੱਧ ਕਾਰੋਬਾਰੀ ਅਮਰਬੀਰ ਸਿੰਘ ਘੁਮਾਣ ਅਤੇ ਹਰਵਿੰਦਰ ਸਿੰਘ ਹੈਰੀ ਘੁਮਾਣ,ਸ਼ਿਕਾਗੋ ਦੇ ਪ੍ਰਸਿੱਧ ਟਰਾਂਸਪੋਟਰ ਲਖਵੀਰ ਸਿੰਘ ਰਾਏ ਲੱਕੀ ਸਹੋਤਾ ਪਰਿਵਾਰ,ਮਿਲਵਾਕੀ ਤੋਂ ਗੈਸ ਸਟੇਸ਼ਨ ਲਾਈਨ ਦੇ ਪ੍ਰਸਿੱਧ ਕਾਰੋਬਾਰੀ ਸ.ਦਰਸ਼ਨ ਸਿੰਘ ਧਾਲੀਵਾਲ ਰੱਖੜਾ,ਕੈਲੀਫੋਰਨੀਆ ਤੋਂ ਹੀਰਾ ਟਰਾਂਸਪੋਰਟ ਦੇ ਮਾਲਕ ਪ੍ਰਸਿੱਧ ਟਰਾਂਸਪੋਟਰ ਸ.ਅਵਤਾਰ ਸਿੰਘ ਚਾਂਦੀ ਪ੍ਰੀਵਾਰ ਵੱਲੋਂ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਨਮਾਨ ਸਤਿਕਾਰ ਕੀਤਾ ਗਿਆ।

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਮਹਾਨ ਗੁਰਮਤਿ ਸਮਾਗਮ






ਬੰਦੀ ਛੋੜ ਦਿਵਸ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਕੌਮੀ ਜੋਧਾਂ ਸ਼ਹੀਦ ਭਾਈ ਬੇਅੰਤ ਸਿੰਘ ਜੀ , 1 ਨਵੰਬਰ 1984 ਦਿੱਲੀ ਸਿੱਖ ਕਤਲੇਆਮ ਸਰਕਾਰ ਵੱਲੋਂ ਕੀਤਾ ਗਿਆ, ਇਸ ਦਰਦ ਦੇ ਕਾਰਨ ਪਟਾਕੇ ਨਹੀਂ ਚਲਾਉਣੇ । ☛ ਸਾਕਾ ਪੰਜਾ ਸਾਹਿਬ ਜੀ (ਪਾਕਿਸਤਾਨ) ☛ ਜਨਮ ਦਿਵਸ ਮਾਤਾ ਸਾਹਿਬ ਕੌਰ ਜੀ ਜੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ।

ਬੰਦੀ ਛੋੜ ਪਾਤਸ਼ਾਹੀ ਛੇਵੀਂ ਦਿਹਾੜੇ ਨੂੰ ਮੁੱਖ ਰੱਖਦਿਆਂ ਦੀਪ ਮਾਲਾ ਦਾ ਵਿਸ਼ੇਸ ਪ੍ਰਬੰਧ ਕੀਤਾ ਗਿਆ ਹੈ। ਪਟਾਕਿਆਂ ਦੀ ਪੱਕੀ ਮਨਾਹੀ ਹੈ।

**ਸ਼ਨਿੱਚਰਵਾਰ 2 ਨਵੰਬਰ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸਜਣਗੇ**

ਐਤਵਾਰ 3 ਨਵੰਬਰ 2024 ਨੂੰ 6:30 ਵਜੇ ਸਵੇਰੇ ਚੋਪਹਿਰੇ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9: 30 ਵਜੇ ਭੋਗ ਪੈਣਗੇ ਉਪੰਰਤ 12:30 ਵਜੇ ਤੱਕ ਦੀਵਾਨ ਸਜਣਗੇ।

ਕਵੀਸ਼ਰੀ ਜਥਾ ਭਾਈ ਕੁਲਵਿੰਦਰ ਸਿੰਘ ਮਝੈਲ ਲਾਧੂ ਭਾਣਾ ਕਵੀਸ਼ਰੀ ਵਾਰਾਂ ਰਾਹੀਂ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**
**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ । ☛ ਆਪਣਾ ਕੀਮਤੀ ਸਮਾਂ ਕੱਢਕੇ ਇੰਨਾਂ ਸਮਾਗਮਾ ਵਿਚ ਪੁਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਬੁੱਧਵਾਰ, 30 ਅਕਤੂਬਰ 2024 (ਨਾਨਕਸ਼ਾਹੀ ਸੰਮਤ : ੫੫੬, ੧੪ ਕੱਤਕ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243

# ਅਮਰੀਕਾ ਦੌਰੇ ਦੌਰਾਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਦਾ ਵਿਸ਼ੇਸ਼ ਸਨਮਾਨ










ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਨਿਊਯਾਰਕ ਦੇ ਪ੍ਰਧਾਨ ਪ੍ਰਸਿੱਧ ਕਾਰੋਬਾਰੀ ਸ.ਸੁਖਜਿੰਦਰ ਸਿੰਘ ਸੁਭਾਨਪੁਰ ਅਤੇ ਵੱਡੇ ਭਰਾਤਾ ਸ. ਰਘਬੀਰ ਸਿੰਘ ਸੁਭਾਨਪੁਰ ਪ੍ਰੀਵਾਰ,ਗੁਰਦੁਆਰਾ ਸਚਖੰਡ ਗੁਰੂ ਨਾਨਕ ਦਰਬਾਰ ਨਿਊਯਾਰਕ ਦੇ ਪ੍ਰਧਾਨ ਸ.ਮੱਖਣ ਸਿੰਘ,ਗੁਰਦੁਆਰਾ ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਨਿਊਯਾਰਕ ਦੇ ਪ੍ਰਬੰਧਕ ਸੇਵਾਦਾਰ ਸ.ਬਿਸ਼ਨ ਸਿੰਘ ਪ੍ਰੀਵਾਰ ਵੱਲੋਂ ਆਪਣੇ ਗ੍ਰਹਿ ਵਿਖੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਇਸ ਸਮੇਂ ਜਥੇਦਾਰ ਚਰਨ ਸਿੰਘ ਪ੍ਰੇਮਪੁਰਾ ਪ੍ਰਧਾਨ ਐਨ ਆਰ ਆਈ ਵਿੰਗ ਯੂਐਸਏ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਜੱਥੇ ਗ੍ਰੰਥੀ ਸਿੰਘ ਅਤੇ ਪ੍ਰਚਾਰਕ ਵੀ ਹਾਜ਼ਰ ਸਨ।

(ਫੋਟੋਆਂ ਤੇ ਵੇਰਵਾ : ਆਵਾਜ਼ਿ ਕੌਮ ਬਿਊਰੋ)

ਕਾਰ ਸੇਵਾ ਸੰਪ੍ਰਦਾਇ ਭੂਰੀ ਵਾਲੇ ਮਹਾਂਪੁਰਸ਼ਾਂ ਦੀ ਯਾਦ 'ਚ

# ਕਰਵਾਇਆ ਗਿਆ ਵਿਸ਼ਾਲ ਗੁਰਮਤਿ ਸਮਾਗਮ




**ਚੌਕ ਮਹਿਤਾ, 29 ਅਕਤੂਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਡੇਰਾ ਕਾਰ ਸੇਵਾ ਨਿਰਮਲੇ ਤਪੋਬਨ ਭੂਰੀ ਵਾਲੇ ਤਰਨ-ਤਾਰਨ ਰੋਡ ਵਿਖੇ ਸੰਤ ਬਾਬਾ ਜੈਮਲ ਸਿੰਘ, ਸੰਤ ਬਾਬਾ ਗੁਰਦਿਆਲ ਸਿੰਘ ਤੇ ਸੰਤ ਬਾਬਾ ਨਾਮਦਾਨ ਸਿੰਘ ਜੀ ਭੂਰੀ ਵਾਲਿਆਂ ਦੀ ਸਾਲਾਨਾ ਯਾਦ ਵਿਚ ਮਹਾਨ ਗੁਰਮਤਿ ਸਮਾਗਮ ਕਰਵਾਇਆ ਗਿਆ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸੰਗਤਾਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਨੇ ਵਿਚਾਰਾਂ ਦੀ ਸਾਂਝ ਪਾਉਂਦਿਆਂ ਕਿਹਾ ਕਿ ਕਾਰ ਸੇਵਾ ਸੰਪ੍ਰਦਾਇ ਭੂਰੀ ਵਾਲੇ ਮਹਾਂਪੁਰਸ਼ਾਂ ਦਾ ਗੁਰੂ ਘਰ ਦੀਆਂ ਸੁੰਦਰ ਇਮਾਰਤਾਂ, ਜੋੜੇ ਘਰ, ਲੰਗਰ ਹਾਲ, ਕਾਰ ਪਾਰਕਿੰਗ ਤੇ ਸੰਗਤਾਂ ਲਈ ਆਧੁਨਿਕ ਸਹੂਲਤਾਂ ਵਾਲੀਆਂ ਸਰਾਵਾਂ ਤਿਆਰ ਕਰਨ ਦੇ ਨਾਲ ਨਾਲ ਸੰਗਤਾਂ ਨੂੰ ਨਾਮਬਾਣੀ ਨਾਲ ਜੋੜਣ ਅਤੇ ਵਾਤਾਵਰਨ ਦੀ ਸਾਂਭ-ਸੰਭਾਲ ਲਈ ਵਡਮੁੱਲਾ ਯੋਗਦਾਨ ਹੈ। ਉਨ੍ਹਾਂ ਕਿਹਾ ਕਿ ਇਸ ਸੰਪ੍ਰਦਾਇ ਵਲੋਂ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਜਾਣ ਵਾਲੇ ਰਸਤਿਆਂ ਦੀ ਰੋਜ਼ਾਨਾ ਸਫਾਈ, ਵਾਤਾਵਰਨ ਦੀ ਸ਼ੁੱਧਤਾ ਲਈ ਰੁੱਖ ਲਗਾਉਣ ਵਿਚ ਵੱਡੀ ਭੂਮਿਕਾ ਨਿਭਾਈ ਜਾ ਰਹੀ ਹੈ। ਅੰਮ੍ਰਿਤਸਰ ਵਿੱਚੋ ਲੰਘਦੀ ਅਪਰਬਾਰੀ ਦੁਆਬ ਨਹਿਰ ਦੇ ਕਿਨਾਰਿਆਂ ਨੂੰ ਸਵਾਰਕੇ ਜਿਥੇ ਖ਼ੂਬਸੂਰਤ ਦਿੱਖ ਪ੍ਰਦਾਨ ਕੀਤੀ ਹੈ ਉੱਥੇ ਪਬਲਿਕ ਦੇ ਸੈਰ ਕਰਨ ਲਈ ਸ਼ਾਨਦਾਰ ਟ੍ਰੈਕ ਤਿਆਰ ਕੀਤੀ ਹੈ ਜੋ ਨਰੋਈ ਸਿਹਤ ਕਈ ਸਮੇ ਦੀ ਵੱਡੀ ਲੋੜ ਹੈ। ਉਨ੍ਹਾਂ ਕਿਹਾ ਕੀ ਸ਼ਤਾਬਦੀ ਸਮਾਗਮਾਂ ਨੂੰ ਸਮਰਪਿਤ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਲੰਗਰ ਦੀ ਪੁਰਾਣੀ ਇਮਾਰਤ ਢਾਹ ਕੇ ਕੇਵਲ 90 ਦਿਨਾਂ ਵਿੱਚ ਮੁਕੱਮਲ ਕਰਨਾ ਇਸ ਸੰਸਥਾ ਦੇ ਸੇਵਾ ਦੇ ਜ਼ਜ਼ਬੇ ਦੀ ਮੂੰਹ ਬੋਲਦੀ ਤਸਵੀਰ ਹੈ। ਉਨ੍ਹਾਂ ਕਿਹਾ ਕੀ ਸੰਸਥਾ ਦਾ ਅਨੁਸਾਸ਼ਨ ਤੇ ਨਿਸ਼ਕਾਮ ਸੇਵਾ ਭਾਵਨਾ ਸਿੱਖ ਸੰਸਥਾਵਾਂ ਲਈ ਇੱਕ ਵੱਡੀ ਮਿਸ਼ਾਲ ਹੈ। ਉਨ੍ਹਾਂ ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਅਪੀਲ ਕੀਤੀ ਕੀ ਪਵਿਤਰ ਨਗਰੀ ਸ੍ਰੀ ਅੰਮ੍ਰਿਤਸਰ ਨੂੰ ਸੁੰਦਰ ਦਿੱਖ ਪ੍ਰਦਾਨ ਕਰਨ ਤੇ ਵਾਤਾਵਰਨ ਦੀ ਸਾਂਭ-ਸੰਭਾਲ ਲਈ ਮਹਾਪੁਰਸ਼ਾ ਨੂੰ ਸਹਿਯੋਗ ਕਰਨ,

**ਸੰਤ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਵੱਲੋਂ ਧਾਰਮਿਕ ਸੇਵਾਵਾਂ ਅਤੇ ਵਾਤਾਵਰਣ ਸੰਭਾਲ ਦੇ ਵੱਡੇ ਉਪਰਾਲੇ : ਗਿਆਨੀ ਰਘਬੀਰ ਸਿੰਘ**

ਸੰਤ ਬਾਬਾ ਕਸ਼ਮੀਰ ਸਿੰਘ ਅਤੇ ਬਾਬਾ ਸੁਖਵਿੰਦਰ ਸਿੰਘ ਭੂਰੀ ਵਾਲਿਆਂ ਦੇ ਪ੍ਰਬੰਧਾਂ ਹੇਠ ਸਜਾਏ ਗਏ ਇਸ ਵਿਸ਼ਾਲ ਗੁਰਮਤਿ ਸਮਾਗਮ ਮੌਕੇ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਬਲਦੇਵ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰ. ਹਰਜਿੰਦਰ ਸਿੰਘ ਧਾਮੀ, ਗੁਰਦੁਆਰਾ ਬੰਗਲਾ ਸਾਹਿਬ ਦੇ ਹੈਡ ਗੰਥੀ ਗਿਆਨੀ ਰਣਜੀਤ ਸਿੰਘ, ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਗਿਆਨੀ ਅਮਰਜੀਤ ਸਿੰਘ, ਗ੍ਰੰਥੀ ਗਿਆਨੀ ਗੁਰਮਿੰਦਰ ਸਿੰਘ, ਗਿਆਨੀ ਪਲਵਿੰਦਰਪਾਲ ਸਿੰਘ, ਗਿਆਨੀ ਬਲਜੀਤ ਸਿੰਘ ਗਿਆਨੀ ਬਲਵਿੰਦਰ ਸਿੰਘ ਤੇ ਗਿਆਨੀ ਰਾਜਦੀਪ ਸਿੰਘ, ਬਾਬਾ ਅਵਤਾਰ ਸਿੰਘ ਸੁਰਸਿੰਘ ਵਾਲੇ, ਮਹੰਤ ਹਾਕਮ ਸਿੰਘ ਗੰਡਾ ਸਿੰਘ ਵਾਲਾ, ਬਾਬਾ ਦਲਜੀਤ ਸਿੰਘ ਸ਼ਿਕਾਗੋ, ਮਹੰਤ ਜਗਜੀਤ ਸਿੰਘ ਸ਼ਾਸਤਰੀ, ਮਹੰਤ ਮਹੇਸ਼ ਮੁਨੀ ਕੁਰਕੁਸ਼ੇਤਰ, ਮਹੰਤ ਅਜੀਤ ਸਿੰਘ ਜੋਹਲਾਂ ਵਾਲੇ, ਮਹੰਤ ਕੰਵਲਜੀਤ ਸਿੰਘ ਸ਼ਾਸਤਰੀ, ਮਹੰਤ ਜਗਰੂਪ ਸਿੰਘ, ਸੰਤ ਜੈਲ ਸਿੰਘ ਸ਼ਾਸ਼ਤਰੀ, ਮਹੰਤ ਚਮਕੌਰ ਸਿੰਘ ਪੰਜ ਗਰਾਈਆਂ, ਗਿਆਨੀ ਸਤਨਾਮ ਸਿੰਘ ਕਥਾਵਾਚਕ ਪਟਨਾ ਸਾਹਿਬ, ਮਹੰਤ ਤੇਜਾ ਸਿੰਘ ਖੁਡਾ, ਮਹੰਤ ਅਮਰੀਕ ਸਿੰਘ, ਮਹੰਤ ਰਾਜਵਿੰਦਰ ਸਿੰਘ ਮਾਟੀਲੀ, ਮਹੰਤ ਜਸਵੀਰ ਸਿੰਘ ਲੋਪੋ ਅਤੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਵੀ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਸਾਂਝੀਆਂ ਕਰਦਿਆਂ ਕਾਰ ਸੇਵਾ ਸੰਪ੍ਰਦਾਇ ਭੂਰੀ ਵਾਲੇ ਮਹਾਂਪੁਰਸ਼ਾਂ ਵਲੋਂ ਕੀਤੀਆਂ ਜਾ ਰਹੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ। ਸਮਾਗਮ ਦੋਰਾਨ ਸੰਤ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਅਤੇ ਸੰਤ ਬਾਬਾ ਸੁਖਵਿੰਦਰ ਸਿੰਘ ਭੂਰੀ ਵਾਲਿਆਂ ਵਲੋਂ ਪੁੱਜੀਆਂ ਪ੍ਰਮੁੱਖ ਸ਼ਖਸੀਅਤਾਂ ਅਤੇ ਸੰਤਾਂ ਮਹਾਂਪੁਰਸ਼ਾਂ ਨੂੰ ਸਨਮਾਨਿਤ ਕੀਤਾ ਗਿਆ। ਅੱਜ ਦੇ ਸਮਾਗਮ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਮਲਕੀਤ ਸਿੰਘ, ਪੰਚਾਇਤੀ ਅਖਾੜਾ ਕਨਖਲ ਹਰਿਦੁਆਰ, ਸੈਕਟਰੀ ਮਹੰਤ ਜਗਤਾਰ ਸਿੰਘ, ਮਹੰਤ ਸੰਤੋਖ ਸਿੰਘ ਪਾਲਦੀ ਪ੍ਰਧਾਨ ਸਰਬ ਹਿੰਦ ਨਿਰਲਮ ਮਹਾਂ ਮੰਡਲ, ਮਹੰਤ ਬਿੱਕਰ ਸਿੰਘ ਖਡੂਰ ਸਾਹਿਬ, ਮਹੰਤ ਮਹਾਂਬੀਰ ਸਿੰਘ ਤਾਜੇਵਾਲ, ਮਹੰਤ ਜਗਰੂਪ ਸਿੰਘ ਬੁੱਗਰ, ਮਹੰਤ ਇੰਦਰਜੀਤ ਸਿੰਘ ਉੂਗੋ, ਮਹੰਤ ਹਰਬੰਸ ਸਿੰਘ ਚੀਮਾ, ਬਾਬਾ ਅਵਤਾਰ ਸਿੰਘ ਧੰਦਲ, ਮਹੰਤ ਮੋਹਣ ਸਿੰਘ ਹਰਿਦੁਆਰ ਹੰਤ ਤੀਰਥ ਸਿੰਘ ,ਮਹੰਤ ਚਮਕੌਰ ਸਿੰਘ ਲੋਹਗੜ੍ਹ , ਮਹੰਤ ਕਸ਼ਮੀਰ ਸਿੰਘ ਮੁਕਤਸਰ ਸਾਹਿਬ, ਮਹੰਤ ਮੋਹਣ ਸਿੰਘ ਹਰਿਦੁਆਰ ਮਹੰਤ ਬਲਜਿੰਦਰ ਸਿੰਘ ਕਾਉਂਕੇ, ਮਹੰਤ ਦਰਸ਼ਨ ਸਿੰਘ ਮਾਹਲਪੁਰ, ਮਹੰਤ ਗੁਰਦੇਵ ਸਿੰਘ ਢਿਲਵਾਂ, ਮਹੰਤ ਜਗਦੇਵ ਸਿੰਘ ਖਾਈਮੁਨੀ, ਮਹੰਤ ਸਤਿਨਾਮੁ ਸਿੰਘ ਦਿਆਲਪੁਰ ਮਿਰਜਾ, ਮਹੰਤ ਪ੍ਰਭਜੋਤ ਸਿੰਘ ਮਹਿਰਾਜ, ਮਹੰਤ ਰਣਜੀਤ ਸਿੰਘ ਤਰਨ ਤਾਰਨ, ਸੰਤ ਅਮਰੀਕ ਸਿੰਘ ਮੰਨਣਹਾਣਾ, ਮਹੰਤ ਕਮਲਜੀਤ ਸਿੰਘ ਸੰਗਰੂਰ, ਮਹੰਤ ਸ਼ਾਮ ਸੁਣ ਸੁੰਦਰ ਸਿੰਘ ਮਿਰਜ਼ਾਪੁਰ, ਮਹੰਤ ਮਨਜੀਤ ਸਿੰਘ ਖ਼ੈਰਾਬਾਦ, ਮਹੰਤ ਪ੍ਰੀਤਮ ਸਿੰਘ ਡੁਮੇਲੀ, ਬਾਬਾ ਬਲਵਿੰਦਰ ਸਿੰਘ ਝੰਡੇਰ, ਗਿਆਨੀ ਮਾਹਿਤਾਬ ਸਿੰਘ, ਮਹੰਤ ਬਲੌਰ ਸਿੰਘ, ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ, ਵਿਧਾਇਕ ਸ. ਸਰਵਨ ਸਿੰਘ ਧੁੰਨ ਤੇ ਡਾ. ਕੰਵਰ ਵਿਜੈ ਪ੍ਰਤਾਪ ਸਿੰਘ, ਸ਼੍ਰੋਮਣੀ ਕਮੇਟੀ ਦੇ ਮੈਂਬਰਾਂਨ ਸ. ਰਜਿੰਦਰ ਸਿੰਘ ਮਹਿਤਾ, ਬਾਵਾ ਸਿੰਘ ਗੁਮਾਨਪੁਰਾ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਸ. ਅਜੈਬ ਸਿੰਘ ਅਭਿਆਸੀ, ਕਮਿਸ਼ਨਰ ਪੁਲਿਸ ਸ ਗੁਰਪ੍ਰੀਤ ਸਿੰਘ ਭੁੱਲਰ, ਏ ਡੀ ਸੀ ਸ਼੍ਰੀਮਤੀ ਜੋਤੀ ਬਾਲਾ, ਪਰਮਿੰਦਰ ਸਿੰਘ ਭੰਡਾਲ, ਕਮਾਂਡੈਂਟ ਪੀ. ਏ. ਪੀ. , ਸ਼੍ਰੋਮਣੀ ਕਮੇਟੀ ਦੇ ਸਕੱਤਰ ਸ ਪ੍ਰਤਾਪ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਵਧੀਕ ਮੈਨੇਜਰ ਸ. ਗੁਰਪ੍ਰੀਤ ਸਿੰਘ ਤੇ ਯੁਵਰਾਜ ਸਿੰਘ, ਬਾਬਾ ਗੁਰਵਿੰਦਰ ਸਿੰਘ ਪਟਨਾ ਸਾਹਿਬ, ਤਲਬੀਰ ਸਿੰਘ ਗਿੱਲ, ਅਮਰਬੀਰ ਸਿੰਘ ਢੋਟ,ਨਰਿੰਦਰ ਸਿੰਘ ਬਾੜਾ ਰਾਣਾ ਪਲਵਿੰਦਰ ਸਿੰਘ, ਬਾਬਾ ਸੱਜਣ ਸਿੰਘ ਬੇਰ ਸਾਹਿਬ, ਬਾਬਾ ਦਰਸ਼ਨ ਸਿੰਘ ਟਾਹਲਾ ਸਾਹਿਬ ਵਾਲੇ, ਮਹੰਤ ਚਮਕੌਰ ਸਿੰਘ ਲੋਹਗੜ੍ਹ, ਮਹੰਤ ਕਮਲਜੀਤ ਸਿੰਘ ਸੰਗਰੂਰ, ਮਹੰਤ ਹਰਵਿੰਦਰ ਸਿੰਘ, ਮਹੰਤ ਬਿਕਮਰਜੀਤ ਸਿੰਘ ਨੰਗਲ, ਮਹੰਤ ਪ੍ਰੀਤਮ ਸਿੰਘ ਬਾੜੀਆਂ, ਮਹੰਤ ਕਰਮਜੀਤ ਸਿੰਘ ਹੁਸ਼ਿਆਰਪੁਰ, ਮਹੰਤ ਦਰਸ਼ਨ ਦਾਸ, ਮਹੰਤ ਸ਼ਿਆਮਸੁੰਦਰ ਸਿੰਘ ਜੀ, ਮਹੰਤ ਸਤਨਾਮ ਸਿੰਘ ਕਪੂਰੇ, ਮਹੰਤ ਹਰਵਿੰਦਰ ਸਿੰਘ, ਮਹੰਤ ਸੁਰਿੰਦਰ ਸਿੰਘ ਹਰੀਕੇ, ਮਹੰਤ ਗੁਰਮੁੱਖ ਸਿੰਘ, ਮਹੰਤ ਜਸਪਾਲ ਸਿੰਘ ਮਨਸੂਰ ਦੇਵਾ, ਬਾਬਾ ਅਵਤਾਰ ਸਿੰਘ ਮਨਸੂਰ ਵਾਲ, ਮਹੰਤ ਦਰਸ਼ਨ ਸਿੰਘ ਨੈਨੇਵਾਲ, ਮਹੰਤ ਬਿਕਰਮਜੀਤ ਸਿੰਘ ਚੀਮਾ, ਮੰਡਲੇਸ਼ਵਰ ਸਵਾਮੀ ਮਹਿੰਦਰਾਨੰਦ ਜੀ, ਮਹੰਤ ਅਮਨਦੀਪ ਸਿੰਘ ਉਗੋਕੇ, ਅਮਰਜੀਤ ਸਿੰਘ ਹਰਖੋਵਾਲ, ਮਹੰਤ ਜਰਨੈਲ ਸਿੰਘ ਡੇਰਾ ਠਾਕਰਾਂ, ਮਹੰਤ ਯਾਦਵਿੰਦਰ ਸਿੰਘ, ਮਹੰਤ ਹਰਜਿੰਦਰ ਸਿੰਘ, ਮਹੰਤ ਗੁਰਮੱਖ ਸਿੰਘ ਲੋਪੋ, ਬਾਬਾ ਗੁਰਿੰਦਰ ਸਿੰਘ ਝੂਲਦੇ ਮਹਿਲ,ਬਾਬਾ ਇੰਦਰਬੀਰ ਸਿੰਘ ਸਤਲਾਣੀ ਸਾਹਿਬ, ਮਹੰਤ ਚਰਨਜੀਤ ਸਿੰਘ ਬੱਧਨੀ ਕਲਾਂ,ਮਹੰਤ ਬਿਕਰਮਜੀਤ ਸੰਗਰੂਰ, ਸੰਤ ਸ਼ਿੰਗਾਰਾ ਸਿੰਘ ਹਰੀਆਂ ਵੇਲਾਂ, ਬਾਬਾ ਘੋਲਾ ਸਿੰਘ ਸਤਲਾਣੀ ਸਾਹਿਬ, ਮਹੰਤ ਬਲਵਿੰਦਰ ਸਿੰਘ ਅਜੀਤਵਾਲ, ਸੰਤ ਇੰਦਰਜੀਤ ਸਿੰਘ ਅਜਨਾਲਾ, ਸੰਤ ਮਹੰਤ ਜਗਰੂਪ ਸਿੰਘ ਮੋਗਾ, ਮਹੰਤ ਕਰਮਜੀਤ ਸਿੰਘ ਭਾਘਾ ਪੁਰਾਣਾ, ਬਾਬਾ ਸਤਿਨਾਮੁ ਸਿੰਘ ਸਿਸ਼ਰੀਵਾਲ, ਮਹੰਤ ਅਮਨਦੀਪ ਸਿੰਘ ਟਕਸਾਲ ਸ਼ਹੀਦ ਭਾਈ ਮਨੀ ਸਿੰਘ, ਮਹੰਤ ਦਰਸ਼ਨ ਦਾਸ ਸਹਿਣਾ, ਮਹੰਤ ਬੂਟਾ ਸਿੰਘ ਤਾਜੋਕੇ, ਮਹੰਤ ਰਣਜੀਤ ਸਿੰਘ ਗੋਨਿਆਣਾ ਮੰਡੀ, ਮਹੰਤ ਗੁਰਸੇਵਕ ਸਿੰਘ ਢਿਲਵਾਂ, ਮਹੰਤ ਜਤਿੰਦਰ ਸਿੰਘ ਲਾਡੀ, ਮਹੰਤ ਅਰਵਿੰਦਰ ਸਿੰਘ ਦਿਆਲਪੁਰਾ, ਮਹੰਤ ਸੁਖਚੈਨ ਸਿੰਘ, ਸ. ਪ੍ਰਗਟ ਸਿੰਘ ਬਟਾਲਾ, ਐਡਵੋਕੇਟ ਮਨਜੀਤ ਸਿੰਘ ਛੀਨਾ, ਭਾਈ ਅਮਰਜੀਤ ਸਿੰਘ ਸ਼ਬਦ ਚੌਕੀ, ਚਰਨਜੀਤ ਸਿੰਘ ਨੂਰਲਾ, ਪ੍ਰਚਾਰਕ ਭਾਈ ਜਗਦੇਵ ਸਿੰਘ ਤੇ ਭਾਈ ਤਰਸੇਮ ਸਿੰਘ, ਸ. ਸੁਖਦੇਵ ਸਿੰਘ ਭੂਰਾ, ਡੇਰਾ ਬਾਬਾ ਭੂਰੀ ਵਾਲੇ ਦੇ ਮੁੱਖ ਬੁਲਾਰੇ ਰਾਮ ਸਿੰਘ ਭਿੰਡਰ, ਪ੍ਰੋ. ਸਰਦਾਰਾ ਸਿੰਘ, ਸ. ਮਾਲਕ ਸਿੰਘ, ਹਰਮਨਪ੍ਰੀਤ ਸਿੰਘ ਵੇਰਕਾ, ਜਸਪ੍ਰੀਤ ਜੌਲੀ, ਸਰਬਜੀਤ ਸਿੰਘ ਭੁਲਰ, ਰਵੀਸ਼ੇਰ ਸਿੰਘ ਖਾਲਸਾ, ਗੁਰਜੀਤ ਸਿੰਘ ਰੰਧਾਵਾ, ਬਾਬਾ ਸੋਹਨ ਸਿੰਘ, ਬਾਬਾ ਜੱਗਾ ਸਿੰਘ, ਬਾਬਾ ਕਰਨ ਸਿੰਘ, ਬਾਬਾ ਮਨੋਹਰ ਸਿੰਘ, ਬਾਬਾ ਜੋਧਬੀਰ ਸਿੰਘ, ਬਾਬਾ ਬਲਵੰਤ ਸਿੰਘ, ਬਾਬਾ ਬੂਟਾ ਸਿੰਘ, ਬਾਬਾ ਰਾਣਾ ਸਿੰਘ, ਬਾਬਾ ਸੁਖਦੇਵ ਸਿੰਘ ਝੀਤਾ, ਬਾਬਾ ਅਵਤਾਰ ਸਿੰਘ, ਬਾਬਾ ਨਾਜ਼ਰ ਸਿੰਘ, ਬਾਬਾ ਮਨਜੀਤ ਸਿੰਘ ਝਬਾਲ, ਬਾਬਾ ਲਸ਼ਕਰ ਸਿੰਘ, ਬਾਬਾ ਜੁਗਰਾਜ ਸਿੰਘ ਤੋਂ ਇਲਾਵਾ ਸ਼ਹਿਰ ਦੇ ਪਤਵੰਤੇ ਅਤੇ ਭਾਰੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ। ਇਸ ਤੋਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਦੇ ਹਜੂਰੀ ਰਾਗੀ ਭਾਈ ਬਲਦੇਵ ਸਿੰਘ, ਭਾਈ ਮਨਦੀਪ ਸਿੰਘ, ਭਾਈ ਦਵਿੰਦਰ ਸਿੰਘ,ਭਾਈ ਭੁਪਿੰਦਰ ਸਿੰਘ ਤੇ ਭਾਈ ਸ਼ੌਕੀਨ ਸਿੰਘ ਅਤੇ ਬੀਬੀ ਸੁਰਪ੍ਰੀਤ ਕੌਰ ਸੈਰੋਂ ਵਾਲਿਆਂ ਦੇ ਰਾਗੀ ਜਥਿਆਂ ਨੇ ਸੰਗਤਾਂ ਨੂੰ ਇਲਾਹੀ ਬਾਣੀ ਦਾ ਕੀਰਤਨ ਸਰਵਣ ਕਰਵਾਇਆ। ਮੰਚ ਦਾ ਸੰਚਾਲਨ ਸੰਤ ਜੈਲ ਸਿੰਘ ਜੀ ਸ਼ਾਸ਼ਤਰੀ ਨੇ ਕੀਤਾ। ਦੂਰੋ ਨੇੜਿਉ ਪੂਜੀਆਂ ਹਜਾਰਾਂ ਸੰਗਤਾਂ ਲਈ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

ਆਵਾਜ਼ਿ ਕੌਮ AWAZE QAUM International Newspaper & WEB TV

# ਬੰਦੀਛੋੜ ਦਿਵਸ ਮੌਕੇ ਬਿਜਲਈ ਸਜਾਵਟ ਦੀ ਰੋਕ ਦਾ ਜਥੇਦਾਰ ਅਕਾਲ ਤਖਤ ਦੇ ਫੈਸਲੇ ਦਾ ਦਿੱਲੀ ਕਮੇਟੀ ਪ੍ਰਬੰਧਕਾਂ ਨੇ ਕੀਤਾ ਸੁਆਗਤ



ਨਵੀਂ ਦਿੱਲੀ, 29 ਅਕਤੂਬਰ (ਮਨਪ੍ਰੀਤ ਸਿੰਘ ਖਾਲਸਾ): ਬੰਦੀ ਛੋੜ ਦਿਵਸ ਦੀ ਦਿਵਾਲੀ 1 ਨਵੰਬਰ ਨੂੰ ਆਉਣ ਦੇ ਕਾਰਨ, ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘੁਬੀਰ ਸਿੰਘ ਨੇ ਗੁਰੂਦੁਆਰੇ ਸਾਹਿਬ ਅਤੇ ਸੰਗਤ ਨੂੰ ਘਰਾਂ ਵਿੱਚ ਬਿਜਲੀ ਦੀਆਂ ਬੱਤੀਆਂ ਦੀ ਸਜਾਵਟ ਕਰਨ ਦੀ ਬਜਾਏ ਕੇਵਲ ਘੀ ਦੇ ਦਿਆਂ ਨੂੰ ਜਲਾਉਣ ਦਾ ਹੁਕਮ ਜਾਰੀ ਕੀਤਾ ਹੈ। ਦਿੱਲੀ ਸਿੱਖ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋ ਨੇ ਇਸ ਫੈਸਲੇ ਦਾ ਸੁਆਗਤ ਕੀਤਾ ਹੈ। ਮੀਡੀਆ ਨੂੰ ਜਾਰੀ ਬਿਆਨ ਵਿੱਚ, ਉਨ੍ਹਾਂ ਕਿਹਾ ਕਿ ਦਿੱਲੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਪਹਿਲਾਂ ਹੀ ਦਿੱਲੀ ਦੇ ਸਿੱਖਾਂ ਨੂੰ ਬੰਦੀ ਛੋੜ ਦਿਵਸ ਦੇ ਮੌਕੇ 'ਤੇ ਦੀਪਮਾਲਾ ਨਾ ਕਰਨ ਦੀ ਅਪੀਲ ਕਰ ਚੁੱਕੀ ਹੈ, ਅਤੇ ਸੰਗਤ ਨੂੰ ਇਸ ਪਵਿੱਤਰ ਦਿਵਸ ਨੂੰ ਸਾਦਗੀ ਨਾਲ ਮਨਾਉਣ ਲਈ ਕਿਹਾ ਗਿਆ ਸੀ। ਉਨ੍ਹਾਂ ਦੱਸਿਆ ਕਿ ਦਿੱਲੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਹਰ ਸਾਲ 1984 ਦੇ ਕਤਲੇਆਮ ਵਿੱਚ ਸ਼ਹੀਦ ਹੋਏ ਲੋਕਾਂ ਦੀ ਯਾਦ ਵਿੱਚ 31 ਅਕਤੂਬਰ ਤੋਂ 3 ਨਵੰਬਰ ਤੱਕ ਰੋਸ਼ ਦਿਵਸ ਮਨਾਉਂਦੀ ਹੈ। ਕਾਲਕਾ ਅਤੇ ਕਾਹਲੋ ਨੇ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੇ ਇਹ ਅਪੀਲ ਕਰਕੇ ਦਿੱਲੀ ਹੀ ਨਹੀਂ, ਬਲਕਿ ਦੇਸ਼ ਭਰ ਵਿੱਚ 1984 ਦੇ ਕਤਲੇਆਮ ਵਿੱਚ ਸ਼ਹੀਦ ਹੋਏ ਲੋਕਾਂ ਨੂੰ ਸ਼੍ਰਦਾਂਜਲੀ ਦੇਣ ਅਤੇ ਪੀੜਿਤ ਪਰਿਵਾਰਾਂ ਨੂੰ ਸੰਤਵਨਾ ਦਿੱਤੀ ਹੈ। ਉਹਨਾਂ ਨੇ ਕਿਹਾ ਕਿ ਜਿਨ੍ਹਾਂ ਦੇ ਪਰਿਵਾਰਕ ਮੈਂਬਰ ਮੁੜ ਨਹੀਂ ਆ ਸਕਦੇ, ਪਰ ਅਜੇਹੇ ਸੰਦੇਸ਼ ਦੇ ਕੇ ਇਹ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ ਹੈ।

## ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਕਿਸਾਨ ਮੰਡੀਆਂ ਚ ਰੁਲਣ ਲਈ ਮਜਬੂਰ : ਕੇਵਲ ਸਿੰਘ ਢਿੱਲੋਂ



**ਬਰਨਾਲਾ ( ਰਣਜੀਤ ਸਿੰਘ ਪੇਧਨੀ )**-ਜਦੋਂ ਤੋਂ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ ਉਸ ਦਿਨ ਤੋਂ ਲੈ ਕੇ ਅੱਜ ਤੱਕ ਆਮ ਲੋਕਾਂ ਦੀਆਂ ਭਾਵਨਾਵਾਂ ਦੇ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ।ਸਰਕਾਰ ਵੱਲੋਂ ਲੋਕਾਂ ਨੂੰ ਮਹੱਲਾ ਕਲੀਨਿਕਾਂ ਦੇ ਨਾਂ ਤੇ ਠੱਗਿਆ ਜਾ ਰਿਹਾ ਹੈ, ਪਰ ਸਰਕਾਰੀ ਹਸਪਤਾਲਾਂ ਵਿੱਚ ਡਾਕਟਰ ਨਾ ਹੋਣ ਕਾਰਨ ਆਮ ਲੋਕ ਪਰੇਸ਼ਾਨ ਹਨ, ਸਰਕਾਰ ਦਾ ਕੋਈ ਵੀ ਨੁਮਾਇੰਦਾ ਕਿਸਾਨਾਂ ਦੀ ਬਾਂਹ ਫੜਨ ਨੂੰ ਤਿਆਰ ਨਹੀਂ ।ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਜਨਤਾ ਪਾਰਟੀ ਦੇ ਬਰਨਾਲਾ ਤੋਂ ਜਿਮਨੀ ਚੋਣ ਲੜ ਰਹੇ ਉਮੀਦਵਾਰ ਸ, ਕੇਵਲ ਸਿੰਘ ਢਿੱਲੋ ਨੇ ਕੀਤਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਦੇ ਕਿਸਾਨਾਂ ,ਮਜ਼ਦੂਰਾਂ, ਵਪਾਰੀਆਂ ,ਆੜਤੀਆਂ ਨੂੰ ਇਸ ਸਾਲ ਝੋਨੇ ਦੀ ਖਰੀਦ ਨਾ ਕਰਕੇ ਧਰਨੇ ਮੁਜਾਰੇ ਸੜਕਾਂ ਤੇ ਆਉਣ ਲਈ ਮਜਬੂਰ ਕਰ ਦਿੱਤਾ ਹੈ। ਜਿਸਦਾ ਜਵਾਬ ਬਰਨਾਲਾ ਦੇ ਲੋਕ ਇਸ ਵਿਧਾਨ ਸਭਾ ਦੀ ਹੋ ਰਹੀ ਜਿਮਣੀ ਚੋਣ ਵਿੱਚ ਦੇਣਗੇ।

## ਮੰਗਾ ਨਾ ਮੰਨਣ ਤੇ ਗਿੱਦੜਬਾਹਾ ਵਿਖੇ ਰੋਸ ਪ੍ਰਦਰਸ਼ਨ

**ਗਿਦੜਬਾਹਾ ( ਰਣਜੀਤ ਸਿੰਘ ਪੇਧਨੀ )**-ਪੰਜਾਬ ਦੀਆ ਉਦਯੋਗਿਕ ਸਿਖਲਾਈ ਸੰਸਥਾਵਾਂ ਵਿੱਚ ਲੰਬੇ ਸਮੇਂ ਤੋਂ ਕੰਮ ਕਰ ਰਹੇ ਕੱਚੇ ਇੰਸਟਰਕਟਰਾਂ ਵੱਲੋ ਓਹਨਾ ਦੀਆ ਜਾਇਜ ਮੰਗਾਂ ਪੂਰੀਆਂ ਨਾ ਹੋਣ ਤੇ ਗਿੱਦੜਬਾਹਾ ਵਿਖੇ ਰੋਸ ਪ੍ਰਦਰਸ਼ਨ ਦਾ ਕਰਨ ਦਾ ਬਿਗਲ ਵਜਾ ਦਿੱਤਾ ਹੈ। ਯੂਨੀਅਨ ਦੇ ਬੁਲਾਰੇ ਵੱਲੋ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਜਲੰਧਰ ਜਿਮਨੀ ਚੋਣਾਂ ਦੌਰਾਨ ਸਾਡੀ ਮੀਟਿੰਗ ਮਾਣਯੋਗ ਮੁੱਖ ਮੰਤਰੀ ਜੀ ਅਤੇ ਓਹਨਾ ਦੀ ਪੈਨਲ ਨਾਲ ਹੋਈ ਸੀ ਅਤੇ ਮੈਡਮ ਗੁਰਪ੍ਰੀਤ ਕੌਰ ਜੀ ਨਾਲ ਵੀ ਸਾਡੀ ਮੀਟਿੰਗ ਹੋਈ ਸੀ। ਜਿਸ ਵਿਚ ਦੋਨਾਂ ਮੀਟਿੰਗਾਂ ਵਿਚ ਸਾਨੂੰ ਭਰੋਸਾ ਦਿੱਤਾ ਗਿਆ ਸੀ ਕਿ ਤੁਹਾਡੀ ਪਾਲਿਸੀ ਬਣਾ ਕੇ ਜਲਦੀ ਹੀ ਤਨਖਾਹਾਂ ਵਿਚ ਵਾਧਾ ਅਤੇ ਹੋਰ ਲਾਭ ਦਿੱਤੇ ਜਾਣਗੇ ।ਮਾਣਯੋਗ ਮੁੱਖ ਮੰਤਰੀ ਸਾਹਿਬ ਜੀ ਵੱਲੋ ਕਿਹਾ ਗਿਆ ਸੀ ਕੇ ਜਲਦੀ ਹੀ ਇਕ ਮੀਟਿੰਗ ਕਰਕੇ ਤੁਹਾਡੀ ਨੌਕਰੀ ਨੂੰ ਸੁਰੱਖਿਅਤ ਕਰਨ ਲਈ ਤੁਹਾਨੂੰ 58 ਸਾਲ ਤਕ ਨੌਕਰੀ ਕਰਨ ਦਾ ਲਾਭ ਦਿੱਤਾ ਜਾਵੇਗਾ। ਪਰ ਸਾਡੀ ਨੌਕਰੀ ਨੂੰ ਸੁਰੱਖਿਅਤ ਕਰਨਾ ਤ ਦੂਰ ਦੀ ਗੱਲ ਮੁੱਖ ਮੰਤਰੀ ਸਾਹਿਬ ਦੁਆਰਾ ਕੀਤੇ ਗਏ ਵਾਧੇ ਅਨੁਸਾਰ ਨਾ ਤਾਂ ਸਾਡੀ ਕੋਈ ਪਾਲਿਸੀ ਬਣਾਈ ਗਈ ਅਤੇ ਨਾ ਹੀ ਸਾਡੀਆ ਤਨਖਾਹਾਂ ਵਿਚ ਵਾਧਾ ਕੀਤਾ ਗਿਆ ਹੈ। ਸਰਕਾਰ ਆਪਣਾ ਸਮਾ ਲੰਘਾਉਣ ਲਈ ਲਾਰੇ ਲਾਉਂਦੀ ਹੈ ਅਤੇ ਹਰ ਵਾਰ ਦੀ ਤਰਾ ਮਿੱਠੀ ਗੋਲੀ ਦੇਕੇ ਭੇਜ ਦਿੰਦੀ ਹੈ। ਹੁਣ ਯੂਨੀਅਨ ਵੱਲੋਂ ਫੈਸਲਾ ਕੀਤਾ ਗਿਆ ਹੈ ਕਿ ਜਿਮਨੀ ਚੋਣਾਂ ਵਿਚ ਹੁਣ ਗਿੱਦੜਬਾਹਾ ਵਿਚ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ ਜੋ ਕੇ ਆਉਣ ਵਾਲੇ ਸ਼ਨੀਵਾਰ 2/11/2024 ਨੂੰ ਕੀਤਾ ਜਾਵੇਗਾ ਅਤੇ ਸਮੂਹ ਕੱਚੇ ਇੰਸਟਰਕਟਰ ਯੂਨੀਅਨ ਵੱਲੋਂ ਇਸ ਵਾਰ ਕਾਲੀ ਦੀਵਾਲੀ ਮਨਾਈ ਜਾਵੇਗੀ।

## ਲੱਡਾ ਬਣੇ ਆਈ. ਟੀ. ਆਈ ਇੰਮ: ਐਸੋਸੀਏਸਨ ਸੰਗਰੂਰ ਦੇ ਸੀਨੀਅਰ ਮੀਤ ਪ੍ਰਧਾਨ



**ਸੰਗਰੂਰ ( ਰਣਜੀਤ ਸਿੰਘ ਪੇਧਨੀ )**-ਆਈ ਟੀ ਆਈ ਇੰਮਪਲਾਈਜ ਐਸੋਸੀਏਸ਼ਨ ਪੀਐਸਪੀਸੀਐਲ ਸਰਕਲ ਸੰਗਰੂਰ ਦੇ ਮਨਜੀਤ ਸਿੰਘ ਲੱਡਾ ਬਣੇ ਸੀਨੀਅਰ ਮੀਤ ਪ੍ਰਧਾਨ ਜਥੇਬੰਦੀ ਵਿੱਚ ਜਿੰਮੇਵਾਰੀ ਮਿਲਣ ਤੇ ਉਹਨਾਂ ਦੇ ਸਾਥੀਆਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਇਸ ਮੌਕੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਨਜੀਤ ਸਿੰਘ ਲੱਡਾ ਨੇ ਕਿਹਾ ਕਿ ਉਹ ਆਈਟੀਆਈ ਇੰਮਪਲਾਈਜ ਐਸੋਸੀਏਸਨ ਦੀ ਹਾਈ ਕਮਾਂਡ ਦਾ ਦਿਲ ਦੀਆਂ ਗਹਿਰਾਈਆਂ ਚੋਂ ਧੰਨਵਾਦ ਕਰਦੇ ਹਨ। ਜਿਨਾਂ ਨੇ ਮੇਰੀ ਪਿਛਲੇ ਲੰਮੇ ਸਮੇਂ ਤੋਂ ਜਥੇਬੰਦੀ ਵਿੱਚ ਸੇਵਾ ਨੂੰ ਦੇਖਦਿਆਂ ਹੋਇਆਂ ਸਰਕਲ ਸੰਗਰੂਰ ਦਾ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਮੈਂ ਆਈਟੀਆਈ ਇੰਮਪਲਾਈਜ ਐਸੋਸੀਏਸਨ ਜਥੇਬੰਦੀ ਦੇ ਸਾਰੇ ਸਾਥੀਆਂ ਨੂੰ ਵਿਸ਼ਵਾਸ ਦਵਾਉਂਦਾ ਹਾਂ ਕਿ ਜਥੇਬੰਦੀ ਵੱਲੋਂ ਦਿੱਤੀ ਜਿੰਮੇਦਾਰੀ ਨੂੰ ਉਹ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਬੰਦੀ ਛੋੜ ਦਿਵਸ ਅਤੇ ਦਿਵਾਲੀ ਦੇ ਤਿਉਹਾਰ ਤੇ ਆਮ ਆਦਮੀ ਪਾਰਟੀ ਮਹਾਲਮ ਦੀ ਟੀਮ ਨੇ

# ਐਮਐਲਏ ਰਜਨੀਸ਼ ਦਹੀਆ ਨੂੰ ਦਿੱਤੀਆਂ ਵਧਾਈਆਂ







**ਫਿਰੋਜ਼ਪੁਰ, 29 ਅਕਤੂਬਰ (ਸੁਖਮੰਦਰ ਸਿੰਘ ਸ਼ਾਤ)**-ਤਿਉਹਾਰਾਂ ਦੇ ਦਿਨਾਂ ਨੂੰ ਮੁੱਖ ਰੱਖਦਿਆਂ ਅੱਜ ਪਿੰਡ ਮਹਾਲਮ ਦੀ ਆਮ ਆਦਮੀ ਪਾਰਟੀ ਦੀ ਪੂਰੀ ਟੀਮ ਨੇ ਦਿਹਾਤੀ ਦੇ ਐਮਐਲਏ ਸ਼੍ਰੀ ਰਜਨੀਸ਼ ਦਹੀਆ ਨੂੰ ਮਿਲ ਕੇ ਦਿਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਦਿੱਤੀਆਂ ਵਧਾਈਆਂ ਦਿੱਤੀਆਂ। ਤੇ ਸਰਬੱਤ ਦੇ ਭਲੇ ਦੇ ਵਾਸਤੇ ਅਰਦਾਸ ਵੀ ਕੀਤੀ ਤੇ ਸਤਿਗੁਰੂ ਗੁਰੂ ਹਰਗੋਬਿੰਦ ਸਾਹਿਬ ਮਹਾਰਾਜ ਮੀਰੀ ਪੀਰੀ ਦੇ ਮਾਲਕ ਕਿਰਪਾ ਕਰਨ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ। ਪੰਜਾਬ ਖੁਸ਼ਹਾਲ ਸੂਬਾ ਬਣਾਉਣੇ ਪੰਜਾਬ ਦੇ ਵਿੱਚ ਜੋ ਮੁਸੀਬਤਾਂ ਭਨ ਕਰ ਰਹੀਆਂ ਨੇ ਉਹਨਾਂ ਮੁਸੀਬਤਾਂ ਤੋਂ ਸਤਿਗੁਰੂ ਆਪ ਪੰਜਾਬ ਦੀ ਰਾਖੀ ਕਰਨ ਤੇ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ।ਇਸ ਸਮੇ ਹਾਜਰ ਸਨ,ਡਾ, ਮਨਜੀਤ ਸਿੰਘ ਮਹਾਲਮ, ਸੁਖਪਾਲ ਸਿੰਘ ਵਕੀਲ,ਬਲਜੀਤ ਸਿੰਘ ਬਜਾਜ, ਗੁਰਨਾਮ ਸਿੰਘ, ਕੁਲਵੰਤ ਸਿੰਘ ਕਨੇਡਾ, ਛਿੰਦਰ ਸਿੰਘ ਗੋਂਡ,ਛਿੰਦਾ ਸਿੰਘ, ਪਰਮਜੀਤ ਸਿੰਘ,ਗੁਰਦੀਪ ਸਿੰਘ ਢਾਡੀ, ਬਲਵਿੰਦਰ ਸਿੰਘ ਸੁਆਮੀ,ਸਵਰਨ ਸਿੰਘ, ਜਰਨੈਲ ਸਿੰਘ ਕੁਰਲਾ, ਤਰਸੇਮ ਸਿੰਘ,ਭਗਨਵ ਸਿੰਘ,ਮੈਬਰ ਕੁਲਦੀਪ ਸਿੰਘ,ਸੰਤੋਖ ਸਿੰਘ,ਗੁਰਚਰਨ ਸਿੰਘ ਗ੍ਰੰਥੀ ਭਾਲਾ, ਮੁਖਤਿਆਰ ਸਿੰਘ,ਕਾਲਾ ਸਿੰਘ ਕਵੀਸ਼ਰ, ਗੁਰਮੀਤ ਸਿੰਘ ਗ੍ਰੰਥੀ, ਗੁਰਦੇਵ ਸਿੰਘ ਗ੍ਰੰਥੀ, ਗੁਰਬਚਨ ਸਿੰਘ ਗੁਰਜੰਟ ਸਿੰਘ,ਮੇਜਰ ਸਿੰਘ ਹਲਵਾਈ, ਬਲਵਿੰਦਰ ਸਿੰਘ, ਪ੍ਰੇਮ ਸਿੰਘ, ਸੁਖਦੇਵ ਸਿੰਘ ਮਾਣੂ, ਹਰਪ੍ਰੀਤ ਸਿੰਘ ਘੁੱਦੂ, ਦਇਆ ਸਿੰਘ ਢਾਡੀ, ਹਰਭਜਨ ਸਿੰਘ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

> ਰਜਨੀਸ਼ ਦਈਆ ਨੇ ਮਹਾਲਮ ਦੀ ਸਾਰੀ ਟੀਮ ਨੂੰ ਦਿਵਾਲੀ ਅਤੇ ਬੰਦੀ ਛੋੜ ਦੀਆਂ ਵਧਾਈਆਂ ਦਿੱਤੀਆਂ, ਤੇ ਤਾਂ ਕਿ ਆਓ ਆਪਾਂ ਸਾਰੇ ਰਲ ਮਿਲ ਕੇ ਆਪੋ ਆਪਣੇ ਪਿੰਡਾਂ ਅਤੇ ਪੰਜਾਬ ਨੂੰ ਖੁਸ਼ਹਾਲ ਸੂਬਾ ਬਣਾਈਏ

### ਕਿਸੇ ਵੀ ਉਮੀਦਵਾਰ ਨੂੰ ਆਪਣਾ ਨੁਮਾਇੰਦਾ ਚੁਣਨ ਤੋਂ ਪਹਿਲਾਂ

# ਮੁੱਦਿਆਂ ਦਾ ਐਫੀਡੈਪਟ ਕਦੋਂ ਮੰਗਣਗੇ ਪੰਜਾਬ ਦੇ ਲੋਕ ?

ਕਿਸੇ ਵੀ ਉਮੀਦਵਾਰ ਨੂੰ ਆਪਣਾ ਨੁਮਾਇੰਦਾ ਚੁਣਨ ਤੋਂ ਪਹਿਲਾਂ ਮੁੱਦਿਆਂ ਦਾ ਐਫੀਡੈਪਟ ਕਦੋਂ ਮੰਗਣਗੇ ਪੰਜਾਬ ਦੇ ਲੋਕ ? ਤਾਂ ਕਿ ਵਾਅਦੇ ਪੂਰੇ ਨਾ ਹੋਣ ਤੇ ਵੋਟਰ ਕੋਈ ਕਾਨੂੰਨੀ ਕਾਰਵਾਈ ਕਰਨ ਜੋਗੇ ਹੋਣ ਨੁਮਾਇੰਦੇ ਤੇ । ਪਿਛਲੇ 78 ਸਾਲਾਂ ਤੋਂ ਸਿਰਫ ਉਮੀਦਵਾਰ ਬਦਲਣ ਤੱਕ ਸੀਮਤ, ਕਾਰਜ ਕਾਲ ਦੇ ਵਿੱਚ ਕੰਮ ਕਰਾਉਣ ਲਈ ਨੁਮਾਇੰਦਿਆਂ ਨੂੰ ਸਵਾਲ ਕਦੋਂ ਕਰਨਗੇ ਵੋਟਰ ? ਇੱਥੇ ਸਮਝਣਾ ਜ਼ਰੂਰੀ ਹੈ ਕਿ ਆਖਿਰ ਕਮੀ ਕਿੱਥੇ ਰਹਿ ਰਹੀ ਹੈ ? ਕਾਰਜ ਕਾਲ ਦੌਰਾਨ ਨੁਮਾਇੰਦੇ ਤੋਂ ਕੰਮ ਕਰਾਉਣ ਦੇ ਵਿੱਚ ਅਸਫਲ ਨੇ ਵੋਟਰ । ਸਰਪੰਚ ਤੋਂ ਲੈ ਕੇ ਪ੍ਰਧਾਨ ਮੰਤਰੀ ਤੱਕ ਪਿਛਲੇ 78 ਸਾਲਾਂ ਤੋਂ ਲੋਕ ਸਿਰਫ ਚਿਹਰੇ ਹੀ ਬਦਲਦੇ ਆ ਰਹੇ ਹਨ । ਇੱਕ ਨੇ ਕੰਮ ਨਹੀਂ ਕਰਿਆ ਤਾਂ ਦੂਸਰਾ ਚੁਣ ਲਓ, ਦੂਸਰੇ ਨੇ ਕੰਮ ਨਹੀਂ ਕਰਿਆ ਤਾਂ ਤੀਸਰਾ ਚੁਣ ਲਓ । ਆਖਰ ਇਸ ਸਰਕਲ ਚੋਂ ਬਾਹਰ ਕਦੋਂ ਨਿਕਲਣਗੇ ਵੋਟਰ ? ਲੋਕਾਂ ਵੱਲੋਂ ਚੁਣੇ ਨੁਮਾਇੰਦੇ ਦੇ ਜਦੋਂ ਪੰਜ ਸਾਲ ਬੀਤ ਜਾਂਦੇ ਹਨ ਜਦੋਂ ਨੁਮਾਇੰਦਾ ਵੋਟਰ ਬਣ ਜਾਂਦਾ ਹੈ ਫਿਰ ਲੋਕਾਂ ਨੂੰ ਖਿਆਲ ਆਉਂਦਾ ਹੈ ਕਿ ਇਸ ਨੂੰ ਤਾਂ ਸਵਾਲ ਕਰਨੇ ਚਾਹੀਦੇ ਸਨ । ਜਦੋਂ ਕਾਰਜ ਕਾਲ ਦੇ ਵਿੱਚ ਰਿਹਾ ਉਦੋਂ ਕਿਸੇ ਨੇ ਕੋਈ ਸਵਾਲ ਨਹੀਂ ਕੀਤਾ ? ਨੁਮਾਇੰਦੇ ਨੂੰ ਚੁਣਨ ਤੋਂ ਪਹਿਲਾਂ ਕਿਸੇ ਨੇ ਕੋਈ ਸਵਾਲ ਨਹੀਂ ਕੀਤਾ ? ਘੱਟੋ ਘੱਟ ਜੇਕਰ ਚੁਣਨ ਤੋਂ ਪਹਿਲਾਂ ਸਵਾਲ ਨਹੀਂ ਕਰ ਸਕਦੇ ਤਾਂ ਚੁਣੇ ਹੋਏ ਨੁਮਾਇੰਦੇ ਨੂੰ ਕਾਰਜ ਕਾਲ ਰਹਿੰਦਿਆਂ ਤਾਂ ਸਵਾਲ ਕਰਨਾ ਸਿੱਖੋ । ਇਹ ਵੀ ਸਵਾਲ ਉੱਠਦਾ ਹੈ ਕਿ ਜਦੋਂ ਨੁਮਾਇੰਦਾ ਵੋਟਰ ਬਣ ਗਿਆ ਨਵਾਂ ਨੁਮਾਇੰਦਾ ਚੁਣ ਲਿਆ ਫਿਰ ਪੁਰਾਣੇ ਨੂੰ ਸਵਾਲ ਕਰਨਾ ? ਉਹਦੀ ਕੀ ਪ੍ਰਾਪਤੀ ਹੋਣੀ ਆ ਇਹ ਸੋਚ ਕੇ ਵੀ ਦਿਮਾਗ ਦੀਆਂ ਨਸਾਂ ਫੁੱਲਦੀਆਂ ਨੇ । ਇੱਥੇ ਇੱਕ ਹੋਰ ਦਿਲਚਸਪ ਗੱਲ ਜੋ ਪੁਰਾਣੇ ਨੁਮਾਇੰਦੇ ਨੇ ਉਹ ਇਹ ਗੱਲ ਕਹਿੰਦੇ ਨੇ, ਕਿ ਦੇਸ ਆਜ਼ਾਦ ਹੋਣ ਤੋਂ ਲੈ ਕੇ ਹੁਣ ਤੱਕ ਦੇ ਸਾਰਿਆਂ ਸਾਬਕਾ ਨੁਮਾਇੰਦਿਆਂ ਨੂੰ ਪੁੱਛੋ ਕਿ ਉਹਨਾਂ ਨੇ ਕੀ ਕੀਤਾ ? ਕਾਰਜ ਕਾਲ ਲਗੇ ਤੋਂ ਬਾਅਦ ਸਵਾਲ ਕਰਨ ਦਾ ਮਤਲਬ ਪਾਣੀ ਵਿੱਚ ਮਧਾਣੀ ਪਾਉਣਾ ? ਉਸ ਵੇਲੇ ਸਵਾਲ ਕਰਨ ਨਾਲ ਪ੍ਰਾਪਤੀ ਕੋਈ ਨਹੀਂ ਹੋਣੀ । ਇਹ ਗੱਲ ਦਾ ਖਿਆਲ ਵੀ ਰੱਖੋ ਕਿ ਜਿਸ ਨੂੰ ਤੁਸੀਂ ਨੁਮਾਇੰਦਾ ਚੁਣਿਆ ਹੈ ਉਸ ਦਾ ਵੀ ਕਾਰਜ ਕਾਲ ਇੱਕ ਦਿਨ ਖਤਮ ਹੋਵੇਗਾ । ਜੇਕਰ ਚੁਣੇ ਹੋਏ ਨੁਮਾਇੰਦੇ ਦਾ ਕਾਰਜਕਾਲ ਲੰਘਣ ਤੋਂ ਬਾਅਦ ਵੋਟਰ ਬਣ ਚੁੱਕੇ ਨੁਮਾਇੰਦੇ ਨੂੰ ਸਵਾਲ ਕਰਨ ਨਾਲ ਵੋਟਰਾਂ ਦਾ ਕੋਈ ਭਲਾ ਹੁੰਦਾ ਹੈ ਤਾਂ ਜਰੂਰ ਪੁੱਛਣੇ ਚਾਹੀਦੇ ਨੇ ਸਵਾਲ।

ਆਖਰ ਐਨਆਰਆਈ ਵੀਰਾਂ ਦਾ ਨਿੱਜੀ ਸੇਵਾ ਭਾਵ ਅਤੇ ਚੁਣੇ ਨੁਮਾਇੰਦਿਆਂ ਉੱਪਰ ਕਾਨੂੰਨੀ ਹੱਕ ਦਾ ਅੰਤਰ ਕਦੋਂ ਸਮਝਣਗੇ ਲੋਕ ?

ਐਨਆਰਆਈ ਭਰਾਵਾਂ ਦਾ ਨਿੱਜੀ ਸੇਵਾ ਭਾਵ

ਐਨਆਰਆਈ ਭਰਾਵਾਂ ਦੀ ਆਪਣੀ ਨਿੱਜੀ ਮਰਜ਼ੀ ਹੁੰਦੀ ਹੈ ਕੀ ਉਹਨਾਂ ਨੇ ਆਪਣੀ ਹੱਕ ਹਲਾਲ ਦੀ ਕਮਾਈ ਵਿੱਚੋਂ ਕਿੱਥੇ ਪੈਸੇ ਖਰਚਣੇ ਹਨ । ਇਹ ਸਿਰਫ ਐਨਆਰਆਈ ਭਰਾਵਾਂ ਦਾ ਆਪਣਾ ਨਿਜ ਹੈ । ਕਿਉਂਕਿ ਉਹ ਲੋਕਾਂ ਵੱਲੋਂ ਚੁਣੇ ਹੋਏ ਨੁਮਾਇੰਦੇ ਨਹੀਂ ਹਨ । ਇਸ ਲਈ ਕਿਸੇ ਵੀ ਵਿਅਕਤੀ ਵਿਸ਼ੇਸ਼ ਨੂੰ ਐਨਆਰਆਈ ਭਰਾਵਾਂ ਨੂੰ ਤਾਨਾ ਮਿਹਣਾ ਮਾਰ ਕੇ ਪੈਸੇ ਖਰਚਣ ਲਈ ਮਜਬੂਰ ਕਰਨ ਦਾ ਕੋਈ ਕਾਨੂੰਨੀ ਹੱਕ ਨਹੀਂ ਹੈ । ਉਹ ਵੱਖਰੀ ਗੱਲ ਹੈ ਕਿ ਕੋਈ ਬੇਨਤੀ ਕਰੇ ਅਰਜ ਕਰੇ । ਉਸ ਬੇਨਤੀ ਅਰਜ ਤੇ ਫੁੱਲ ਚੜਾਉਣਾ ਨਾ ਚੜਾਉਣਾ ਐਨਆਰਆਈ ਭਰਾਵਾਂ ਦਾ ਨਿੱਜੀ ਫੈਸਲਾ । ਇਸ ਗੱਲ ਨੂੰ ਵੀ ਸਮਝਣਾ ਜਰੂਰੀ ਹੈ ਕਿ ਐਨਆਰਆਈ ਭਰਾਵਾਂ ਕੋਲ ਰੁਪਏ ਦਰੱਖਤਾਂ ਨੂੰ ਨਹੀਂ ਲੱਗਦੇ । ਲੱਖਾਂ ਰੁਪਏ ਲਾ ਕੇ ਵਿਦੇਸ਼ ਗਏ । ਆਪਣੇ ਪਰਿਵਾਰਾਂ ਨਾਲ ਵਿਛੋੜੇ ਪੈ ਗਏ । ਕੋਈ ਖਾਣ ਦਾ ਟਾਈਮ ਨਹੀਂ, ਸੌਣ ਦਾ ਟਾਈਮ ਨਹੀਂ । ਕਿਸੇ ਵੀ ਦੇਸ਼ ਵਿੱਚ ਜਾ ਕੇ ਉੱਥੋਂ ਦੀ ਨਾਗਰਿਕਤਾ ਲੈਣ ਦੀ ਸਿਰ ਤੇ ਵੱਖਰੀ ਸਿਰਦਰਦੀ ਰਹਿੰਦੀ ਹੈ । ਕੁੱਲ ਮਿਲਾ ਕੇ ਹੱਡ ਤੋੜਮੀ ਮਿਹਨਤ ਨਾਲ ਜੋੜਿਆ ਇਕ ਇਕ ਰੁਪਆ ਵੀ ਕੋਈ ਦੱਸੇਗਾ ਕਿੱਥੇ ਲਾਓ ਇਹ ਗੱਲ ਸਮਝ ਤੋਂ ਪਰੇ ।

ਚੁਣੇ ਹੋਏ ਨੁਮਾਇੰਦੇ ਤੇ ਵੋਟਰ ਦਾ ਕਾਨੂੰਨੀ ਹੱਕ

ਵੋਟਰ ਕੋਲ ਇਹ ਕਾਨੂੰਨੀ ਅਧਿਕਾਰ ਹੈ ਆਪਣੇ ਚੁਣੇ ਹੋਏ ਨੁਮਾਇੰਦੇ ਤੋਂ ਕੰਮਕਾਰਾਂ ਦਾ ਹਿਸਾਬ ਲਵੇ । ਕਾਰਜ ਕਾਲ ਦੌਰਾਨ ਪੁੱਛੇ ਫਲਾਣਾ ਕੰਮ ਕਦੋਂ ਕਰਨਾ ਹੈ ਕਿਵੇਂ ਕਰਨਾ ਹੈ । ਕੱਲੇ ਕੱਲੇ ਵੋਟਰ ਨੂੰ ਨਿੱਜੀ ਤੌਰ ਤੇ ਕੀਤੇ ਹੋਏ ਵਾਅਦੇ ਪੂਰੇ ਨਾ ਹੋਣ ਤੇ ਨਮਾਇੰਦੇ ਨੂੰ ਬਾਹ ਤੋਂ ਫੜ ਕੇ ਕਾਨੂੰਨੀ ਤਰੀਕੇ ਨਾਲ ਸਵਾਲ ਪੁੱਛਣ ਦਾ ਵੀ ਵੋਟਰ ਕੋਲ ਕਾਨੂੰਨੀ ਹੱਕ ਹੈ ।

**-ਪਰਗਟ ਸਿੰਘ ਬਲਬੇੜਾ , 9022000070**

ਆਵਾਜ਼ਿ ਕੌਮ AWAZE QAUM International Newspaper & WEB TV

# ਮਨੁੱਖਤਾ ਦੀ ਭਲਾਈ ਬੇਆਸਰਿਆਂ ਦਾ ਆਸਰਾ ਸੰਸਥਾ ਦੇ ਸੰਚਾਲਕ ਬਾਬਾ ਕਵਲਜੀਤ ਸਿੰਘ ਖਾਲਸਾ ਨੂੰ ਕੀਤਾ ਸਨਮਾਨਿਤ



**ਜੰਡਿਆਲਾ ਗੁਰੂ, 29 ਅਕਤੂਬਰ ( ਕੁਲਵੰਤ ਸਿੰਘ ਵਿਰਦੀ)**-ਸ੍ਰੀ ਗੁਰੂ ਰਾਮਦਾਸ ਜੀ ਸੇਵਾ ਸੋਸਾਇਟੀ ਰਜਿ ਪਿੰਡ ਵਡਾਲੀ ਡੋਗਰਾ ਵੱਲੋਂ ਬਾਬਾ ਕਵਲਜੀਤ ਸਿੰਘ ਖਾਲਸਾ ਮੁੱਖ ਸੇਵਾਦਾਰ ਬੇਆਸਰਿਆਂ ਦਾ ਆਸਰਾ ਸੰਸਥਾ , ਨਵਾਂ ਪਿੰਡ ਨੂੰ ਸਨਮਾਨਿਤ ਕੀਤਾ ਗਿਆ ਇਸ ਮੌਕੇ ਤੇ ਗੁਰੂ ਰਾਮਦਾਸ ਜੀ ਸੇਵਾ ਸੋਸਾਇਟੀ ਦੇ ਮੁੱਖ ਸੇਵਾਦਾਰ ਭਾਈ ਸਾਹਿਬ ਸਿੰਘ ਨੇ ਗੱਲਬਾਤ ਦੌਰਾਨ ਦੱਸਿਆ ਕਿ ਬਾਬਾ ਕਵਲਜੀਤ ਸਿੰਘ ਖਾਲਸਾ ਤੇ ਉਹਨਾਂ ਦੀ ਧਰਮ ਪਤਨੀ ਬੀਬੀ ਹਰਜੋਤ ਕੌਰ ਖਾਲਸਾ ਜਿਨਾਂ ਵੱਲੋਂ ਮਨੁੱਖਤਾ ਦੀ ਭਲਾਈ ਲਈ ਨਵਾਂ ਪਿੰਡ ਵਿਖੇ ਬੇਆਸਰਿਆਂ ਦਾ ਆਸਰਾ ਸੰਸਥਾ ਚਲਾਈ ਜਾ ਰਹੀ ਹੈ ਜਿਸ ਵਿੱਚ ਲਾਵਾਰਸ ਮੰਦ ਬੁੱਧੀ ਤੇ ਲੋੜਵੰਦ ਅਪਾਹਜ ਦੀ ਨਿਸ਼ਕਾਮ ਤੇ ਫਰੀ ਸੇਵਾ ਤੇ ਸਾਭ ਸੰਭਾਲ ਉਹਨਾਂ ਵੱਲੋਂ ਖੁਦ ਹੱਥੀ ਕੀਤੀ ਜਾ ਰਹੀ ਹੈ। ਉਨਾਂ ਦੀ ਇਹਨਾਂ ਨਿਸ਼ਕਾਮ ਸੇਵਾ ਸੇਵਾ ਲਈ ਉਹਨਾਂ ਨੂੰ ਅੱਜ ਸ੍ਰੀ ਗੁਰੂ ਰਾਮਦਾਸ ਜੀ ਸੇਵਾ ਸੋਸਾਇਟੀ ਰਜਿ ਪਿੰਡ ਵਡਾਲੀ ਡੋਗਰਾ ਵੱਲੋਂ ਸਨਮਾਨਿਤ ਕੀਤਾ ਗਿਆ ਉਹਨਾਂ ਵੱਲੋਂ ਮਨੁੱਖਤਾ ਦੀ ਸੇਵਾ ਨੂੰ ਸਭ ਤੋਂ ਉੱਤਮ ਸੇਵਾ ਦੱਸਦਿਆ ਉਹਨਾਂ ਨੂੰ ਇਹੋ ਜਿਹੀਆਂ ਹੋਰ ਸੰਸਥਾਵਾਂ ਦੀ ਮਦਦ ਦੇ ਲਈ ਲੋਕਾਂ ਨੂੰ ਅੱਗੇ ਆਉਣ ਲਈ ਅਪੀਲ ਕੀਤੀ ਇਸ ਮੌਕੇ ਤੇ ਖਜਾਨਚੀ ਦਵਿੰਦਰਪਾਲ ਸਿੰਘ ਸੁਸਾਇਟੀ ਦੇ ਸਲਾਹਕਾਰ ਹਰਭਜਨ ਸਿੰਘ ਮੋਜੀ , ਸਲਾਹਕਾਰ ਮਨਜਿੰਦਰ ਸਿੰਘ,ਸਰਪੰਚ ਸੰਦੀਪ ਸਿੰਘ ਮੋਜੀ ਪੰਚ ਬਿਕਰਮਜੀਤ ਸਿੰਘ ਸ਼ੇਰਾ ਸੂਬੇਦਾਰ ਛਣਾਖ ਸਿੰਘ ਚੇਅਰਮੈਨ ਮਾਰਕੀਟ ਕਮੇਟੀ ਗਹਿਰੀ ਮੰਡੀ ਜੰਡਿਆਲਾ ਗੁਰੂ ਜੋਬਨਬੀਰ ਸਿੰਘ ਵਡਾਲੀ, ਸੰਦੀਪ ਸਿੰਘ ਬਾਊ , ਗੁਰਸੇਵਕ ਸਿੰਘ , ਦਿਲਜੀਤ ਸਿੰਘ ਜੀਤਾ, ਅਮਨਦੀਪ ਸਿੰਘ, ਹੀਰਾ ਸਿੰਘ ਬਲਵਿੰਦਰ ਸਿੰਘ ਜੋਸ਼ਨ , ਸੁਖਬੀਰ ਸਿੰਘ ਆਦਿ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਜ਼ਿਲ੍ਹਾ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ ਸ਼ਾਨੋ ਸ਼ੌਕਤ ਨਾਲ ਹੋਈਆਂ ਸੰਪੰਨ

**ਪਠਾਨਕੋਟ, 29 ਅਕਤੂਬਰ (ਆਵਾਜ਼ਿ ਕੌਮ ਬਿਊਰੋ)** -ਸਕੂਲ ਸਿੱਖਿਆ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸ੍ਰੀਮਤੀ ਕਮਲਦੀਪ ਕੌਰ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਅਤੇ ਸ੍ਰੀ ਡੀਜੀ ਸਿੰਘ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਦੀ ਰਹਿਨੁਮਾਈ ਹੇਠ ਮਲਟੀਪਰਪਜ ਸਪੋਰਟਸ ਸਟੇਡੀਅਮ ਲਮੀਨੀ ਦੇ ਖੇਡ ਮੈਦਾਨ ਵਿੱਚ ਕਰਵਾਈਆਂ ਗਈਆਂ ਤਿੰਨ ਰੋਜ਼ਾ ਜ਼ਿਲ੍ਹਾ ਪੱਧਰੀ ਪ੍ਰਾਇਮਰੀ ਖੇਡਾਂ ਸ਼ਾਨੋ ਸ਼ੌਕਤ ਨਾਲ ਸੰਪੰਨ ਹੋਈਆਂ। ਜਿਸ ਦੇ ਅਖੀਰਲੇ ਦਿਨ ਮੁੱਖ ਮਹਿਮਾਨ ਦੇ ਤੌਰ ਤੇ ਕੈਪਟਨ ਸੁਨੀਲ ਗੁਪਤਾ ਚੇਅਰਮੈਨ ਪੈਸਕੋ ਪੰਜਾਬ ਅਤੇ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਸ੍ਰੀ ਅਮਨਦੀਪ ਕੁਮਾਰ ਡਿਪਟੀ ਡੀਈਓ (ਸੈ.ਸਿੱ) ਪਠਾਨਕੋਟ, ਪ੍ਰਿੰਸੀਪਲ ਜਤਿੰਦਰ ਕੌਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੌਲਤਪੁਰ, ਇਨਰਵਹੀਲ ਕਲੱਬ ਡਮਟਾਲ ਤੋਂ ਸ੍ਰੀਮਤੀ ਸੀਮਾ ਪੁਡਾਲ, ਨਿਹਾਰਿਕਾ, ਨੀਤਾ ਮਨੀ, ਬਿੰਦੂ ਗੁਪਤਾ, ਅਦਰਸ਼ ਸ਼ਰਮਾ, ਅਰਚਨਾ ਅਗਰਵਾਲ, ਚਾਰੂ ਪੁਰੀ, ਲਾਈਨਜ਼ ਕਲੱਬ ਪਠਾਨਕੋਟ ਤੋਂ ਅਜਮੇਰ ਸਿੰਘ ਰਿਜਨਲ ਚੇਅਰਮੈਨ ਅਤੇ ਅਸ਼ੋਕ ਕੁਮਾਰ ਪ੍ਰੈਜ਼ੀਡੈਂਟ ਨੇ ਪਹੁੰਚ ਕੇ ਖਿਡਾਰੀਆਂ ਦੀ ਹੌਂਸਲਾ ਅਫਜ਼ਾਈ ਕਰਨ ਲਈ ਪੁੱਜੇ।



ਮੁੱਖ ਮਹਿਮਾਨ ਕੈਪਟਨ ਸੁਨੀਲ ਗੁਪਤਾ ਨੇ ਕਿਹਾ ਕਿ ਖੇਡਾਂ ਵਿਦਿਆਰਥੀਆਂ ਵਿੱਚ ਮੁਕਾਬਲੇ ਦੀ ਭਾਵਨਾ ਪੈਦਾ ਕਰਨ ਦੇ ਨਾਲ-ਨਾਲ ਜਿੱਤ ਹਾਰ ਬਰਦਾਸ਼ਤ ਕਰਨ ਦੀ ਸ਼ਕਤੀ ਵੀ ਪ੍ਰਦਾਨ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਸ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਖੇਡ ਦੇ ਮੈਦਾਨਾਂ 'ਚ ਰੌਣਕਾਂ ਹਨ ਅਤੇ ਦੇਸ ਲਈ ਖੇਡਣ ਵਾਲੇ ਖਿਡਾਰੀਆਂ ਨੂੰ ਵਧੀਆ ਸਹੂਲਤਾਂ ਦਿੱਤੀਆ ਜਾ ਰਹੀਆਂ ਹਨ।

ਸ੍ਰੀਮਤੀ ਕਮਲਦੀਪ ਕੌਰ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਨੇ ਅਧਿਆਪਕਾਂ ਅਤੇ ਖਿਡਾਰੀ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਸੂਬਾ ਪੱਧਰੀ ਖੇਡਾਂ ਵਿੱਚ ਹਿੱਸੇਦਾਰੀ ਲਈ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਕਿਹਾ ਕਿ ਸੂਬਾ ਪੱਧਰੀ ਪ੍ਰਾਇਮਰੀ ਖੇਡਾਂ ਲਈ ਖਿਡਾਰੀ ਅਤੇ ਅਧਿਆਪਕ ਇਸੇ ਤਰ੍ਹਾਂ ਹੀ ਆਪਣੀ ਮਿਹਨਤ ਜਾਰੀ ਰੱਖਦਿਆਂ ਸੂਬਾ ਪੱਧਰੀ ਖੇਡਾਂ ਵਿੱਚ ਜਿੱਤ ਪ੍ਰਾਪਤ ਕਰਕੇ ਪਠਾਨਕੋਟ ਜ਼ਿਲ੍ਹੇ ਦਾ ਨਾਂ ਰੌਸ਼ਨ ਕਰਨਗੇ।

ਸ੍ਰੀ ਡੀਜੀ ਸਿੰਘ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਵੱਲੋਂ ਟੂਰਨਾਮੈਂਟ ਨੂੰ ਸਫਲ ਬਣਾਉਣ ਲਈ ਅਧਿਆਪਕਾਂ ਅਤੇ ਅਧਿਕਾਰੀਆਂ ਦੇ ਸਹਿਯੋਗ ਦੀ ਸ਼ਲਾਘਾ ਕੀਤੀ ਗਈ। ਉਨ੍ਹਾਂ ਮੁਕਾਬਲਿਆਂ ਸੰਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁੰਡਿਆਂ ਦੇ ਲੰਬੀ ਛਾਲ ਮੁਕਾਬਲਿਆਂ ਵਿੱਚ ਰਾਜੇਸ਼ ਪਠਾਨਕੋਟ -1 ਨੇ ਪਹਿਲਾ ਅਤੇ ਅਭਿਮਾਨੁ ਪਠਾਨਕੋਟ -3 ਨੇ ਦੂਜਾ ਸਥਾਨ, ਲੜਕੀਆਂ ਦੇ ਲੰਬੀ ਛਾਲ ਮੁਕਾਬਲੇ ਵਿੱਚ ਵਿਧੀ ਸ਼ਰਮਾ ਪਠਾਨਕੋਟ -2 ਨੇ ਪਹਿਲਾ ਅਤੇ ਨਜੀਨ ਪਠਾਨਕੋਟ -1 ਨੇ ਦੂਜਾ ਸਥਾਨ ਪ੍ਰਾਪਤ ਕੀਤਾ, ਕੁੜੀਆਂ ਦੀ 100 ਮੀਟਰ ਰੇਸ ਵਿੱਚ ਵਿਧੀ ਸ਼ਰਮਾ ਪਠਾਨਕੋਟ -2 ਨੇ ਪਹਿਲਾ, 200 ਮੀਟਰ ਵਿੱਚ ਨਾਜ਼ੀਆ ਪਠਾਨਕੋਟ -1 ਨੇ ਪਹਿਲਾ, 400 ਮੀਟਰ ਰੇਸ ਵਿੱਚ ਪੁਰਵੀ ਪਠਾਨਕੋਟ -3 ਨੇ ਪਹਿਲਾ, 600 ਮੀਟਰ ਰੇਸ ਵਿੱਚ ਸੇਜਲ ਪਠਾਨਕੋਟ -3 ਨੇ ਪਹਿਲਾ ਸਥਾਨ, ਕੁੜੀਆਂ ਦੀ 400 ਮੀਟਰ ਰਿਲੇ ਰੇਸ ਵਿੱਚ ਬਲਾਕ ਪਠਾਨਕੋਟ -3 ਨੇ ਪਹਿਲਾ ਸਥਾਨ ਹਾਸਲ ਕੀਤਾ। ਮੁੰਡਿਆਂ ਦੀ 100 ਮੀਟਰ ਰੇਸ ਵਿੱਚ ਅਨੁਪਰਵ ਪਠਾਨਕੋਟ -3 ਨੇ ਪਹਿਲਾ, 200 ਮੀਟਰ ਰੇਸ ਵਿੱਚ ਰਾਜੇਸ਼ ਕੁਮਾਰ ਪਠਾਨਕੋਟ -1 ਨੇ ਪਹਿਲਾ, 400 ਮੀਟਰ ਰੇਸ ਵਿੱਚ ਅੰਕੁਸ਼ ਪਠਾਨਕੋਟ -1 ਨੇ ਪਹਿਲਾ, 600 ਮੀਟਰ ਰੇਸ ਵਿੱਚ ਵਿਕਰਾਂਤ ਧਾਰ -2 ਨੇ ਪਹਿਲਾ ਸਥਾਨ, 400 ਮੀਟਰ ਰਿਲੇ ਰੇਸ ਵਿੱਚ ਪਠਾਨਕੋਟ -1 ਨੇ ਪਹਿਲਾ ਸਥਾਨ ਹਾਸਲ ਕੀਤਾ। ਮੁੰਡਿਆਂ ਦੇ ਸਾੱਟਪੁਟ ਮੁਕਾਬਲਿਆਂ ਵਿੱਚ ਸਿਧਾਰਥ ਨੇ ਪਹਿਲਾ ਅਤੇ ਕੁੜੀਆਂ ਦੇ ਸਾੱਟਪੁਟ ਮੁਕਾਬਲਿਆਂ ਵਿੱਚ ਆਰਤੀ ਧਾਰ-2 ਨੇ ਪਹਿਲਾ ਸਥਾਨ ਹਾਸਲ ਕਰ ਆਪਣੇ ਮਾਪਿਆਂ ਅਤੇ ਬਲਾਕ ਦਾ ਨਾਂ ਰੌਸ਼ਨ ਕੀਤਾ ਹੈ।

ਇਸ ਟੂਰਨਾਮੈਂਟ ਦੌਰਾਨ ਮੰਚ ਸੰਚਾਲਕ ਦੀ ਭੂਮਿਕਾ ਸੀਐਚਟੀ ਰਵੀਕਾਂਤ, ਸੋਨਿਕਾ ਸ਼ਰਮਾਂ ਅਤੇ ਸੰਜੀਵ ਮਨੀ ਵੱਲੋਂ ਬਾਖੂਬੀ ਨਿਭਾਈ ਗਈ। ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਸਪੈਸ਼ਲ ਰਿਸੋਰਸ ਸੈਂਟਰ ਮਾਡਲ ਟਾਊਨ ਦੇ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ, ਸਰਕਾਰੀ ਪ੍ਰਾਇਮਰੀ ਸਕੂਲ ਮਲਕਪੁਰ ਅਤੇ ਬਹਿਲੋਲਪੁਰ ਦੇ ਵਿਦਿਆਰਥੀਆਂ ਵੱਲੋਂ ਸਭਿਆਚਾਰਕ ਪੇਸ਼ਕਾਰੀ ਪੇਸ਼ ਕਰ ਸਮਾਂ ਬਣਿਆ ਗਿਆ। ਇਸ ਟੂਰਨਾਮੈਂਟ ਨੂੰ ਸਫਲ ਬਣਾਉਣ ਲਈ ਅਰੁਣ ਸ਼ਰਮਾ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ, ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਨਰੇਸ਼ ਪਨਿਆੜ, ਰਿਸੈਪਸ਼ਨ ਕਮੇਟੀ ਇੰਚਾਰਜ ਬੀਪੀਈਓ ਪੰਕਜ ਅਰੋੜਾ, ਅਨੁਸ਼ਾਸਨ ਕਮੇਟੀ ਇੰਚਾਰਜ ਬੀਪੀਈਓ ਨਰੇਸ਼ ਪਨਿਆੜ, ਰਿਫਰੈਸ਼ਮੈਂਟ ਕਮੇਟੀ ਇੰਚਾਰਜ ਬੀਪੀਈਓ ਰਾਕੇਸ਼ ਕੁਮਾਰ , ਇੰਚਾਰਜ ਮੈਨੇਜਮੈਂਟ ਬੀਪੀਈਓ ਕੁਲਦੀਪ ਸਿੰਘ, ਡਾਕਟਰ ਮਨਦੀਪ ਸਿੰਘ ਅਤੇ ਮੈਡੀਕਲ ਟੀਮ, ਮੀਡੀਆ ਤੋਂ ਬਲਕਾਰ ਅੱਤਰੀ, ਜੋਤੀ ਮਹਾਜਨ, ਵਿਕਾਸ ਕੁਮਾਰ, ਸਮੂਹ ਪੀਟੀਆਈ, ਸੈਂਟਰ ਹੈਡ ਟੀਚਰ ਅਤੇ ਅਧਿਆਪਕ ਦਾ ਵਿਸ਼ੇਸ਼ ਯੋਗਦਾਨ ਪਾਇਆ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

# ਬੰਦੀ ਛੋੜ ਦਿਵਸ ਮੌਕੇ 1 ਨਵੰਬਰ ਨੂੰ ਨਹੀਂ ਕੀਤੀ ਜਾਵੇਗੀ ਲੜੀਆਂ ਨਾਲ ਸਜਾਵਟ

## ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਦਿੱਤਾ ਆਦੇਸ਼

- ਕਿਹਾ- ਕੇਵਲ ਘਿਓ ਦੇ ਦੀਵਿਆਂ ਦੀ ਹੀ ਕੀਤੀ ਜਾਵੇ ਦੀਪਮਾਲਾ; ਆਤਿਸ਼ਬਾਜ਼ੀ ਵੀ ਨਾ ਕੀਤੀ ਜਾਵੇ
- 'ਸਿਰਫ਼ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੀ ਹੋਵੇਗੀ ਸਜਾਵਟ'
- 1 ਨਵੰਬਰ ਨੂੰ ਦਿੱਲੀ ਸਿੱਖ ਕਤਲੇਆਮ ਦੇ ਪੂਰੇ ਹੋ ਰਹੇ ਹਨ 40 ਸਾਲ





ਆਵਾਜ਼ਿ ਕੌਮ AWAZE QAUM International Newspaper & WEB TV

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਇਕ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਦੇ 40 ਸਾਲ ਪੂਰੇ ਹੋਣ ਦੇ ਮੱਦੇਨਜ਼ਰ ਸਿੱਖ ਕੌਮ ਨੂੰ ਆਦੇਸ਼ ਕੀਤਾ ਹੈ ਕਿ ਇਕ ਨਵੰਬਰ ਨੂੰ ਬੰਦੀਛੋੜ ਦਿਵਸ ਮੌਕੇ ਬੰਦੀਛੋੜ ਦਾਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਯਾਦ ਵਿਚ ਕੇਵਲ ਘਿਓ ਦੇ ਦੀਵਿਆਂ ਦੀ ਹੀ ਦੀਪਮਾਲਾ ਕੀਤੀ ਜਾਵੇ ਅਤੇ ਬਿਜਲਈ ਸਜਾਵਟਾਂ ਨਾ ਕੀਤੀਆਂ ਜਾਣ। ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਤੋਂ ਜਾਰੀ ਲਿਖਤੀ ਬਿਆਨ ਵਿਚ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ 1 ਨਵੰਬਰ 1984 ਨੂੰ ਦੇਸ਼ ਦੀ ਰਾਜਧਾਨੀ ਦਿੱਲੀ ਸਮੇਤ ਵੱਖ-ਵੱਖ ਸੂਬਿਆਂ ਦੇ 110 ਸ਼ਹਿਰਾਂ ਵਿਚ ਇਕ ਗਿਣੀ-ਮਿੱਥੀ ਸਾਜ਼ਿਸ਼ ਤਹਿਤ ਕਾਂਗਰਸ ਹਕੂਮਤ ਦੀ ਸਰਪ੍ਰਸਤੀ ਹੇਠ ਸਿੱਖਾਂ ਦਾ ਬੇਰਹਿਮੀ ਦੇ ਨਾਲ ਕਤਲੇਆਮ ਕੀਤਾ ਗਿਆ ਸੀ, ਜੋ ਸਿੱਖ ਨਸਲਕੁਸ਼ੀ ਸੀ। ਉਨ੍ਹਾਂ ਕਿਹਾ ਕਿ 1 ਨਵੰਬਰ 2024 ਨੂੰ ਸਿੱਖ ਨਸਲਕੁਸ਼ੀ ਦੇ 40 ਵਰ੍ਹੇ ਹੋਣ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪਿਛਲੇ 40 ਸਾਲਾਂ ਦੌਰਾਨ ਸਿੱਖਾਂ ਨੇ ਭਾਰਤੀ ਹਕੂਮਤ ਦੀ ਸਰਪ੍ਰਸਤੀ ਹੇਠ ਹੋਏ ਆਪਣੇ ਨਰਸੰਹਾਰ ਦੇ ਬਹੁਪੱਖੀ ਪ੍ਰਭਾਵਾਂ ਵਿਚੋਂ ਉਭਰਦਿਆਂ ਆਪਣੇ ਕੌਮੀ ਬਿਰਤਾਂਤ ਨੂੰ ਮੁੜ ਸਥਾਪਿਤ ਕਰਨ ਲਈ ਜਿਹੜਾ ਸੰਘਰਸ਼ਸ਼ੀਲ ਪੈਂਡਾ ਤਹਿ ਕੀਤਾ ਹੈ, ਉਹ ਵੀ ਅਦੁੱਤੀ ਅਤੇ ਲਾ-ਮਿਸਾਲ ਹੈ। ਉਨ੍ਹਾਂ ਕਿਹਾ ਕਿ ਨਵੰਬਰ '84 ਇਕ ਐਸਾ ਨਾਸੂਰ ਹੈ ਜੋ ਰਹਿੰਦੀ ਦੁਨੀਆ ਤੱਕ ਸਿੱਖ ਮਾਨਸਿਕਤਾ ਵਿਚ ਤਾਜ਼ਾ ਰਹੇਗਾ। ਉਨ੍ਹਾਂ ਕਿਹਾ ਕਿ 1 ਨਵੰਬਰ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾਅ ਹੋ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਆਮਦ ਦੀ ਯਾਦ ਵਿਚ ਬੰਦੀਛੋੜ ਦਿਵਸ ਵੀ ਹੈ। ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਇਸ ਵਾਰ ਬੰਦੀਛੋੜ ਦਿਵਸ ਮੌਕੇ ਸਿਰਫ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੀ ਬਿਜਲਈ ਸਜਾਵਟ ਕੀਤੀ ਜਾਵੇਗੀ। ਇਸ ਤੋਂ ਇਲਾਵਾ ਵਿਸ਼ਵ ਭਰ ਵਿਚ ਵੱਸਦੀਆਂ ਸਿੱਖ ਸੰਗਤਾਂ ਵਲੋਂ ਇਕ ਨਵੰਬਰ ਵਾਲੇ ਦਿਨ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਾਵਨ ਯਾਦ ਵਿਚ ਬੰਦੀਛੋੜ ਦਿਵਸ ਮਨਾਉਂਦਿਆਂ ਗੁਰਦੁਆਰਾ ਸਾਹਿਬਾਨ ਅਤੇ ਘਰਾਂ ਵਿਚ ਸਿਰਫ ਘਿਓ ਦੇ ਦੀਵਿਆਂ ਦੀ ਹੀ ਦੀਪਮਾਲਾ ਕੀਤੀ ਜਾਵੇ ਅਤੇ ਕਿਸੇ ਤਰ੍ਹਾਂ ਦੀ ਬਿਜਲਈ ਸਜਾਵਟ ਨਾ ਕੀਤੀ ਜਾਵੇ।